

ਮਰਹੂਮ ਕਹਾਣੀਕਾਰ

## ਲਾਲ ਸਿੰਘ ਦਸੂਹਾ ਜੀ

ਦੀ ਯਾਦ ਨੂੰ ਸਮਰਪਿਤ

ਹਫ਼ਤਾਵਰੀ ਆਨਲਾਈਨ ਮੈਗਜੀਨ

# ਅਦਬੀ ਵਿਰਾਸਤ

## ਮੈਗਜ਼ੀਨ

## ਅੰਕ 8

**13 ਜੁਲਾਈ ਤੋਂ 19 ਜੁਲਾਈ 2026 ਤੱਕ**

ਵੱਲੋਂ :-

## ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ

## (ਰਜਿ.) ਪੰਜਾਬ

ਚੈਅਰਮੈਨ



ਸੁਖਪਾਲਵੀਰ ਸਿੰਘ
ਕੈਲਗਰੀ

ਪ੍ਰਬੰਧਕੀ ਸੰਪਾਦਕ



ਅਮਰਜੀਤ ਸਿੰਘ
ਦਸੂਹਾ

ਮੁੱਖ ਸੰਪਾਦਕ



ਭੁਪਿੰਦਰ ਸਿੰਘ
ਰਾਜਾ

ਇੰਚਾਰਜ



ਗੁਰਪ੍ਰੀਤ ਸਿੰਘ
ਪ੍ਰੀਤ ਹੈਪੀ ਸਹੋਤਾ

ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਅੰਕ 08 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ , ਓਵਰਸੀਜ਼ ਦਫ਼ਤਰ ਕੈਲਗਰੀ , ਕਨੇਡਾ

ਲ. ਨੰ. 455- 537, ਸਥਾਪਨਾ. ਦਸੂਹਾ, 19/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 4ਸਾਵਣ 558) adbivirsat@gmail.com




























ਅਦਬੀ ਵਿਰਾਸਤ ਮੈਗਜ਼ੀਨ ਨੂੰ ਪਿਆਰ ਸਤਿਕਾਰ ਦੇਣ ਵਾਲੇ ਸਾਰੇ ਸਮੂਹ ਲੇਖਕਾਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਅਸੀਂ ਹਿਰਦੇ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ।ਆਪ ਸਭਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਡੇ ਮੈਗਜ਼ੀਨ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਬਖਸ਼ ਕੇ ਸਾਡੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਅਸੀਂ ਆਪ ਦੀਆਂ ਉਮੀਦਾਂ ਤੇ ਖਰੇ ਉਤਰਨ ਲਈ ਦਿਨ ਰਾਤ ਮਿਹਨਤ ਕਰਦੇ ਰਹਾਂਗੇ । ਇਸ ਦੇ ਨਾਲ਼ ਨਾਲ਼ ਆਪ ਤੋਂ ਵੀ ਆਸ ਕਰਦੇ ਹਾਂ ਕਿ ਆਪ ਵੀ ਇਸੇ ਤਰ੍ਹਾਂ ਆਪਣਾ ਪਿਆਰ ਸਾਡੀ ਝੋਲੀ ਪਾਉਂਦੇ ਰਹੋਗੇ। ਆਪ ਦੇ ਪਿਆਰ ਸਤਿਕਾਰ ਦੇ ਲਗਾਏ ਖੰਭਾਂ ਦੇ ਨਾਲ ਅਸੀਂ ਸਾਰੇ ਸਾਹਿਤ ਜਗਤ ਦੇ ਅਸਮਾਨ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਮਿਹਨਤ ਨਾਲ ਉਡਾਰੀਆਂ ਲਗਾਉਂਦੇ ਰਹਾਂਗੇ। ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ ਉਹਨਾਂ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਜਿਹਨਾ ਨੇ ਵਾਤਾਵਰਨ ਦਿਵਸ ਨੂੰ ਅਹਿਮੀਅਤ ਦਿੰਦੇ ਹੋਏ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਸੰਦੇਸ਼ ਦੇਣ ਵਿੱਚ ਸਾਡੀ ਸਹਾਇਤਾ ਕੀਤੀ ਹੈ। ਇੱਕ ਵਾਰ ਫਿਰ ਤੋਂ ਆਪ ਸਭ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ।

**ਅਦਬੀ ਵਿਰਾਸਤ ਮੈਗਜ਼ੀਨ**




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ
# ਅਦਬੀ ਵਿਰਾਸਤ
ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

# ਉਪਲਬਧੀਆਂ ਦੇ ਯੁੱਗ ਵਿੱਚ ਡਿਪ੍ਰੈਸ਼ਨ: ਜਦੋਂ ਮਤਲਬ ਜੀਵਨ ਤੋਂ ਗਾਇਬ ਹੋ ਜਾਂਦਾ ਹੈ

## ਸਿਹਤ ਸੰਭਾਲ

ਡਾ. ਪਰਦੀਪ ਨਾਂਗਲੂ
ਮਨੋਵਿਗਿਆਨੀ
ਕੈਲੀਫੋਰਨੀਆਂ, ਅਮਰੀਕਾ



ਡਿਪ੍ਰੈਸ਼ਨ ਨੂੰ ਅਕਸਰ ਸਿਰਫ਼ ਉਦਾਸੀ ਜਾਂ ਕਮਜ਼ੋਰੀ ਸਮਝ ਲਿਆ ਜਾਂਦਾ ਹੈ, ਪਰ ਅਸਲ ਵਿੱਚ ਇਹ ਇੱਕ ਗੰਭੀਰ ਮਨੋਵਿਗਿਆਨਕ ਹਾਲਤ ਹੈ ਜੋ ਦਿਮਾਗੀ ਰਸਾਇਣਾਂ, ਸਮਾਜਿਕ ਹਾਲਾਤਾਂ ਅਤੇ ਜੀਵਨ ਦੇ ਮਤਲਬ ਨਾਲ ਜੁੜੀ ਹੋਈ ਹੁੰਦੀ ਹੈ। ਆਧੁਨਿਕ ਖੋਜਾਂ ਇਹ ਦਰਸਾਉਂਦੀਆਂ ਹਨ ਕਿ ਡਿਪ੍ਰੈਸ਼ਨ ਸਿਰਫ਼ ਦਿਮਾਗ ਦੀ ਬਿਮਾਰੀ ਨਹੀਂ, ਸਗੋਂ ਇਹ ਇਸ ਗੱਲ ਨਾਲ ਵੀ ਸੰਬੰਧਿਤ ਹੈ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਕਿਵੇਂ ਸਮਝਦੇ ਅਤੇ ਮਹਿਸੂਸ ਕਰਦੇ ਹਾਂ।

ਵਿਸ਼ਵ ਸਿਹਤ ਸੰਸਥਾ (WHO) ਦੇ ਅਨੁਸਾਰ, ਡਿਪ੍ਰੈਸ਼ਨ ਦੁਨੀਆ ਭਰ ਵਿੱਚ ਅਪਾਹਜਤਾ ਦੇ ਮੁੱਖ ਕਾਰਣਾਂ ਵਿੱਚੋਂ ਇੱਕ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿੱਥੇ ਸੁਵਿਧਾਵਾਂ ਅਤੇ ਧਨ-ਦੌਲਤ ਵਧੀਆਂ ਹਨ, ਉੱਥੇ ਮਨੁੱਖੀ ਖੁਸ਼ੀ ਵਿੱਚ ਵਾਧਾ ਨਹੀਂ ਹੋਇਆ। ਕਈ ਵਾਰ ਤਾਂ ਇਹ ਵਿਰੋਧੀ ਪ੍ਰਭਾਵ ਵੀ ਪੈਦਾ ਕਰਦਾ ਹੈ—ਬਾਹਰੀ ਤਰੱਕੀ ਦੇ ਬਾਵਜੂਦ ਅੰਦਰਲੀ ਖਾਲੀਪਨ ਵਧਦਾ ਹੈ।

ਅੱਜ ਦਾ ਮਨੁੱਖ ਸਾਰੀ ਜ਼ਿੰਦਗੀ ਕਿਸੇ ਨਾ ਕਿਸੇ ਲਕਸ਼ ਨੂੰ ਹਾਸਲ ਕਰਨ ਵਿੱਚ ਲੱਗਾ ਰਹਿੰਦਾ ਹੈ—ਚੰਗੀ ਪੜ੍ਹਾਈ, ਵਧੀਆ ਨੌਕਰੀ, ਪੈਸਾ, ਦਰਜਾ। ਉਹ ਸੋਚਦਾ ਹੈ ਕਿ ਖੁਸ਼ੀ ਉਸ ਮੰਜ਼ਿਲ 'ਤੇ ਪਹੁੰਚ ਕੇ ਮਿਲੇਗੀ। ਪਰ ਜਦੋਂ ਉਹ ਮੰਜ਼ਿਲ ਮਿਲ ਜਾਂਦੀ ਹੈ, ਤਾਂ ਖੁਸ਼ੀ ਲੰਮੇ ਸਮੇਂ ਲਈ ਨਹੀਂ ਟਿਕਦੀ। ਮਨੋਵਿਗਿਆਨ ਵਿੱਚ ਇਸਨੂੰ "arrival fallacy" ਕਿਹਾ ਜਾਂਦਾ ਹੈ—ਜਿੱਥੇ ਅਸੀਂ ਸੋਚਦੇ ਹਾਂ ਕਿ ਮੰਜ਼ਿਲ ਸਾਨੂੰ ਸਦੀਵੀ ਖੁਸ਼ੀ ਦੇਵੇਗੀ, ਪਰ ਅਸਲ ਵਿੱਚ ਇਹ ਅਸਥਾਈ ਹੁੰਦੀ ਹੈ।

ਨਿਊਰੋਸਾਇੰਸ ਵੀ ਇਹ ਗੱਲ ਸਾਬਤ ਕਰਦੀ ਹੈ ਕਿ ਸਾਡਾ ਦਿਮਾਗ "ਡੋਪਾਮੀਨ" ਨਾਮਕ ਰਸਾਇਣ ਰਾਹੀਂ ਉਮੀਦਾਂ ਨਾਲ ਜ਼ਿਆਦਾ ਜੁੜਿਆ ਹੁੰਦਾ ਹੈ, ਨਾ ਕਿ ਪ੍ਰਾਪਤੀ ਨਾਲ। ਇਸ ਕਰਕੇ ਅਸੀਂ ਹਮੇਸ਼ਾ ਅਗਲੇ ਟੀਚੇ ਵੱਲ ਦੌੜਦੇ ਰਹਿੰਦੇ ਹਾਂ, ਪਰ ਅੰਦਰਲੀ ਸੰਤੁਸ਼ਟੀ ਨਹੀਂ ਮਿਲਦੀ। ਜੇ ਜੀਵਨ ਵਿੱਚ ਮਤਲਬ ਦੀ ਕਮੀ ਹੋਵੇ, ਤਾਂ ਇਹ ਦੌੜ ਅਖ਼ੀਰਕਾਰ ਥਕਾਵਟ ਅਤੇ ਡਿਪ੍ਰੈਸ਼ਨ ਵੱਲ ਲੈ ਜਾਂਦੀ ਹੈ।

ਇੱਕ ਹੋਰ ਵੱਡਾ ਕਾਰਨ ਹੈ ਸਮਾਜਿਕ ਦੂਰੀ। ਮਨੁੱਖ ਕੁਦਰਤੀ ਤੌਰ 'ਤੇ ਰਿਸ਼ਤਿਆਂ ਵਾਲਾ ਜੀਵ ਹੈ, ਪਰ ਆਧੁਨਿਕ ਜੀਵਨ ਵਿੱਚ ਅਸੀਂ ਇਕੱਲੇ ਹੁੰਦੇ ਜਾ ਰਹੇ ਹਾਂ। ਖੋਜ ਦਿਖਾਉਂਦੀ ਹੈ ਕਿ ਇਕੱਲੇਪਨ ਅਤੇ ਡਿਪ੍ਰੈਸ਼ਨ ਵਿਚ ਡੂੰਘਾ ਸੰਬੰਧ ਹੈ। ਭਾਵੇਂ ਅਸੀਂ ਸੋਸ਼ਲ ਮੀਡੀਆ ਰਾਹੀਂ ਜੁੜੇ ਹੋਏ ਦਿਸਦੇ ਹਾਂ, ਪਰ ਅਸਲੀ ਜੁੜਾਵ—ਪਿਆਰ, ਸਮਝ ਅਤੇ ਸਹਿਯੋਗ—ਘੱਟਦਾ ਜਾ ਰਿਹਾ ਹੈ।

ਸੱਭਿਆਚਾਰਕ ਦਬਾਅ ਵੀ ਇਸ ਸਮੱਸਿਆ ਨੂੰ ਵਧਾਉਂਦਾ ਹੈ। ਅੱਜ ਦੇ ਸਮਾਜ ਵਿੱਚ ਸਫਲਤਾ ਨੂੰ ਹੀ ਇਨਸਾਨ ਦੀ ਕਦਰ ਮੰਨਿਆ ਜਾਂਦਾ ਹੈ। ਜੇ ਕੋਈ ਅਸਫਲ ਹੋ ਜਾਵੇ ਜਾਂ ਆਪਣੇ ਆਪ ਨੂੰ ਘੱਟ ਸਮਝੇ, ਤਾਂ ਉਹ ਆਪਣੇ ਉੱਤੇ ਨਕਾਰਾਤਮਕ ਸੋਚਾਂ ਬਣਾਉਂਦਾ ਹੈ—"ਮੈਂ ਕਾਬਿਲ ਨਹੀਂ ਹਾਂ", "ਮੈਂ ਹਾਰ ਗਿਆ ਹਾਂ।" ਇਹ ਸੋਚਾਂ ਹੌਲੀ-ਹੌਲੀ ਡਿਪ੍ਰੈਸ਼ਨ ਵਿੱਚ ਬਦਲ ਜਾਂਦੀਆਂ ਹਨ।

ਪਰ ਡਿਪ੍ਰੈਸ਼ਨ ਸਿਰਫ਼ ਬਾਹਰੀ ਹਾਲਾਤਾਂ ਦਾ ਨਤੀਜਾ ਨਹੀਂ, ਇਹ ਅੰਦਰਲੀ ਖਾਲੀਪਨ ਨਾਲ ਵੀ ਜੁੜਿਆ ਹੁੰਦਾ ਹੈ। ਜਦੋਂ ਮਨੁੱਖ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਨਹੀਂ ਦਿਸਦਾ, ਤਾਂ ਉਹ ਇਕ ਅਜਿਹੀ ਖਾਲੀ ਅਹਿਸਾਸ ਵਿੱਚ ਫਸ ਜਾਂਦਾ ਹੈ ਜਿਸਨੂੰ "existential vacuum" ਕਿਹਾ ਜਾਂਦਾ ਹੈ। ਇਹ ਸਿਰਫ਼ ਦੁੱਖ ਨਹੀਂ, ਸਗੋਂ ਜੀਵਨ ਦੇ ਮਤਲਬ ਦੀ ਕਮੀ ਹੈ।

ਚੰਗੀ ਗੱਲ ਇਹ ਹੈ ਕਿ ਡਿਪ੍ਰੈਸ਼ਨ ਦਾ ਇਲਾਜ ਸੰਭਵ ਹੈ। Cognitive Behavioral Therapy (CBT) ਮਨੁੱਖ ਨੂੰ ਆਪਣੀਆਂ ਨਕਾਰਾਤਮਕ ਸੋਚਾਂ ਨੂੰ ਬਦਲਣ ਵਿੱਚ ਮਦਦ ਕਰਦੀ ਹੈ। Mindfulness ਵਰਗੀਆਂ ਤਕਨੀਕਾਂ ਮਨ ਨੂੰ ਵਰਤਮਾਨ ਵਿੱਚ ਲਿਆਉਂਦੀਆਂ ਹਨ। ਦਵਾਈਆਂ ਵੀ ਕੁਝ ਮਾਮਲਿਆਂ ਵਿੱਚ ਲਾਭਦਾਇਕ ਹੁੰਦੀਆਂ ਹਨ।

ਇਸ ਤੋਂ ਇਲਾਵਾ, ਜੀਵਨ ਵਿੱਚ ਮਤਲਬ ਖੋਜਣਾ ਬਹੁਤ ਜ਼ਰੂਰੀ ਹੈ। ਖੋਜ ਦਿਖਾਉਂਦੀ ਹੈ ਕਿ ਜੋ ਲੋਕ ਦੂਜਿਆਂ ਦੀ ਮਦਦ ਕਰਦੇ ਹਨ, ਰਚਨਾਤਮਕ ਕੰਮ ਕਰਦੇ ਹਨ ਜਾਂ ਆਤਮਿਕ ਅਭਿਆਸ ਕਰਦੇ ਹਨ, ਉਹ ਘੱਟ ਡਿਪ੍ਰੈਸ਼ਨ ਦਾ ਅਨੁਭਵ ਕਰਦੇ ਹਨ। ਛੋਟੇ-ਛੋਟੇ ਕੰਮ ਵੀ ਜੀਵਨ ਨੂੰ ਮਤਲਬ ਦੇ ਸਕਦੇ ਹਨ।

ਸਰੀਰਕ ਸਿਹਤ ਵੀ ਮਨ 'ਤੇ ਅਸਰ ਪਾਂਦੀ ਹੈ। ਵਰਜ਼ਿਸ਼, ਪੂਰੀ ਨੀਂਦ ਅਤੇ ਸਹੀ ਖੁਰਾਕ ਮਨੋਦਸ਼ਾ ਨੂੰ ਬਿਹਤਰ ਬਣਾਉਂਦੇ ਹਨ।

ਅਖ਼ੀਰ ਵਿੱਚ, ਸਾਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ। ਜੀਵਨ ਨੂੰ ਸਿਰਫ਼ ਭਵਿੱਖ ਦੀ ਮੰਜ਼ਿਲ ਵਜੋਂ ਨਾ ਵੇਖੀਏ, ਸਗੋਂ ਵਰਤਮਾਨ ਪਲ ਵਿੱਚ ਜੀਣਾ ਸਿੱਖੀਏ। ਖੁਸ਼ੀ ਸਿਰਫ਼ ਪ੍ਰਾਪਤੀਆਂ ਵਿੱਚ ਨਹੀਂ, ਸਗੋਂ ਮਤਲਬ, ਰਿਸ਼ਤਿਆਂ ਅਤੇ ਅੰਦਰੂਨੀ ਸੰਤੁਲਨ ਵਿੱਚ ਹੈ।

ਡਿਪ੍ਰੈਸ਼ਨ ਇੱਕ ਗੰਭੀਰ ਪਰ ਇਲਾਜਯੋਗ ਹਾਲਤ ਹੈ। ਜੇ ਅਸੀਂ ਇਸਦੇ ਅਸਲ ਕਾਰਣਾਂ ਨੂੰ ਸਮਝ ਲਈਏ ਅਤੇ ਜੀਵਨ ਵਿੱਚ ਮਤਲਬ ਲਿਆਈਏ, ਤਾਂ ਅਸੀਂ ਇੱਕ ਸਿਹਤਮੰਦ ਅਤੇ ਸੰਤੁਲਿਤ ਜੀਵਨ ਵੱਲ ਵਧ ਸਕਦੇ ਹਾਂ।

ਹਫ਼ਤਾਵਰੀ ਆਨਲਾਈਨ ਮੈਗਜ਼ੀਨ
# ਅਦਬੀ ਵਿਰਾਸਤ
ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਲੇਖਕ: ਵਰਿੰਦਰ ਸਿੰਘ ਨਿਮਾਣਾ ਸੰਪਾਦਕ: ਪ੍ਰੋਫੈਸਰ ਸੰਦੀਪ ਕੌਰ ਬੋਸਕੀ ਪ੍ਰਕਾਸ਼ਕ: ਹਾਊਸ ਆਫ਼ ਲਿਟਰੇਚਰ ਲੁਧਿਆਣਾ ,ਪੰਨੇ: 158 ,ਮੁੱਲ: 250 ਰੁਪਏ**

## ਮਹਿਕਾਂ ਵੰਡਦੀ ਧਰਤੀ




ਇੱਕ ਸਫ਼ਲ ਅਧਿਆਪਕ ਅਤੇ ਖੋਜੀ ਸਾਹਿਤਕਾਰ ਵਰਿੰਦਰ ਸਿੰਘ ਨਿਮਾਣਾ ਆਪਣੀ ਜਵਾਨੀ ਦੇ ਪਹਿਲੇ ਪੜਾਅ ਵਿੱਚ ਹੀ ਸਾਹਿਤ ਨਾਲ ਨਾਤਾ ਜੋੜ ਬੈਠਦੇ ਹਨ। ਆਰਮੀ ਪਬਲਿਕ ਸਕੂਲ ਵਿੱਚ ਪੜ੍ਹਾਉਂਦਿਆਂ ਹੀ ਆਪ ਨੇ ਆਪਣੀਆਂ ਬਾਲ ਕਵਿਤਾਵਾਂ ਨਿੱਕੀਆਂ ਕਰੂੰਬਲਾਂ ਰਸਾਲੇ ਵਿੱਚ ਪ੍ਰਕਾਸ਼ਿਤ ਕਰਵਾਉਣੀਆਂ ਆਰੰਭ ਕੀਤੀਆਂ ਤਾਂ ਉਸਦੀ ਸਾਹਿਤ ਸਿਰਜਣਾ ਨੂੰ ਹੁਲਾਰਾ ਮਿਲਿਆ। ਮਿਲਟਰੀ ਦੀਆਂ ਬੰਦਿਸ਼ਾਂ ਚੋਂ ਬਾਹਰ ਆ ਕੇ ਉਸ ਨੇ ਜਦੋਂ ਸਿੱਖਿਆ ਵਿਭਾਗ ਵਿੱਚ ਅਧਿਆਪਨ ਕਾਰਜ ਆਰੰਭਿਆ ਤਾਂ ਉਸਨੇ ਆਪਣੇ ਪਰ ਪੂਰੀ ਤਰ੍ਹਾਂ ਖੋਲ੍ਹੇ ਅਤੇ ਅੰਬਰ ਤੇ ਉੱਚੀਆਂ ਉਡਾਰੀਆਂ ਮਾਰਨੀਆਂ ਆਰੰਭ ਕਰ ਦਿੱਤੀਆਂ । ਆਪ ਦੀਆਂ ਇਹ ਉਡਾਰੀਆਂ ਮਿੱਟੀ ਤੋਂ ਲੈ ਕੇ ਆਕਾਸ਼ ਤੱਕ ਅਤੇ ਪਿੰਡ ਤਾਜਪੁਰ ਕਲਾਂ ਤੋਂ ਲੈ ਕੇ ਵਾਸ਼ਿੰਗਟਨ ਤੱਕ ਜਾ ਪੁੱਜਦੀਆਂ ਹਨ। ਭਾਵ ਇਹ ਕਿ ਆਪ ਨੂੰ ਇੱਕ ਸਧਾਰਨ ਇਨਸਾਨ ਤੋਂ ਲੈ ਕੇ ਵੱਡੇ ਗੁਣੀ ਗਿਆਨੀ ਅਤੇ ਉਚ ਅਹੁਦਿਆਂ ਤੇ ਬਿਰਾਜਮਾਨ ਲੋਕਾਂ ਦੀ ਮਾਨਸਿਕਤਾ ਦਾ ਗਿਆਨ ਹੈ। ਇਸ ਗਿਆਨ ਦੇ ਸਦਕਾ ਹੀ ਉਹ ਇਸ ਧਰਤੀ ਦੀਆਂ ਗਹਿਰਾਈਆਂ ਵਿੱਚ ਪਏ ਖਜ਼ਾਨਿਆਂ ਨੂੰ ਖੋਜਦੇ ਹੋਏ ਸਾਡੇ ਸਨਮੁਖ ਕਰਦੇ ਹਨ। ਮਿਹਨਤ, ਹਿੰਮਤ, ਲਗਨ ਅਤੇ ਸੱਚੇ ਇਰਾਦੇ ਨਾਲ ਕੀਤੇ ਕਾਰਜ ਹਮੇਸ਼ਾ ਬੁਲੰਦ ਹੁੰਦੇ ਹਨ। ਅੱਧੀ ਦਰਜਨ ਪੁਸਤਕਾਂ ਦੀ ਸਿਰਜਣਾ ਕਰਨ ਵਾਲੇ ਸਾਹਿਤਕਾਰ ਵਰਿੰਦਰ ਸਿੰਘ ਨਿਮਾਣਾ ਨੇ ਹਥਲੀ ਪੁਸਤਕ 'ਮਹਿਕਾਂ ਵੰਡਦੀ ਧਰਤੀ' ਵਿੱਚ ਆਪਣੇ 24 ਲੇਖ ਇਸ ਧਰਤੀ ਦੇ ਵੰਨ ਸੁਵੰਨੇ ਪਹਿਲੂਆਂ ਬਾਰੇ ਸਿਰਜੇ ਹਨ।

ਪੁਸਤਕਾਂ ਦੀ ਸਿਰਜਣਾ ਕਰਨ ਤੋਂ ਪਹਿਲਾਂ ਆਪ ਪੁਸਤਕਾਂ ਦਾ ਗਹਿਰ ਗੰਭੀਰ ਪਾਠਕ ਬਣਦੇ ਹਨ । ਹੀਰ ਵਾਰਿਸ ,ਦਮੋਦਰ, ਪੀਲੂ ਦੇ ਕਿੱਸਿਆਂ ਨੂੰ ਪੜ੍ਹਦੇ ਹੋਏ ਡਾਕਟਰ ਵਣਜਾਰਾ ਬੇਦੀ, ਐਮ ਐਸ ਰੰਧਾਵਾ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਵਰਗੇ ਉੱਘੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਖੋਜਦੇ ਹਨ। ਮਹਿਕਾਂ ਵੰਡਦੀ ਪੰਜਾਬ ਖਾਸ ਕਰ ਦੁਆਬੇ ਦੀ ਧਰਤੀ ਦੀ ਆਵਾਜ਼ ਨੂੰ ਉੱਚੀ ਸੁਰ ਵਿੱਚ ਅਲਾਪਦੇ ਹਨ। ਸੁਰ ਸੰਗੀਤ ਦੀ ਵਿਧੀ ਵਿਧਾਨ ਨੂੰ ਜਾਣਦੇ ਹੋਏ ਵੀ ਆਪ ਨੇ ਪੁਸਤਕ ਸੱਭਿਆਚਾਰ ਅਤੇ ਖਾਸ ਕਰਕੇ ਪੇਂਡੂ ਸੱਭਿਆਚਾਰ ਦੀ ਪ੍ਰਫੁੱਲਤਾ ਨੂੰ ਪਹਿਲ ਦਿੱਤੀ ਹੈ। ਜਿਹੜੀਆਂ ਪੁਸਤਕਾਂ ਸਾਡੀਆਂ ਇਤਿਹਾਸਕ ਦਸਤਾਵੇਜ਼ ਹਨ ਉਹਨਾਂ ਦਾ ਅਧਿਐਨ ਕਰਨ ਉਪਰੰਤ ਅਜੋਕੇ ਸਮਾਜ ਲਈ ਲੋੜੀਂਦੇ ਤੱਥਾਂ ਨੂੰ ਪੇਸ਼ ਕੀਤਾ ਹੈ। ਭਾਸ਼ਾ ਦੀ ਸਰਲਤਾ ਅਤੇ ਸਹਿਜਤਾ ਹੁਸ਼ਿਆਰਪੁਰ ਦੇ ਚੋਆਂ ਵਾਂਗ ਵਗਦੀ ਹੈ। ਸ਼ਬਦ ਜੜਤ ਮੱਕੀ ਦੀਆਂ ਛੱਲੀਆਂ ਦੇ ਦਾਣਿਆਂ ਵਰਗੀ ਹੈ। ਮਹਿਕ ਸੰਧੂਰੀ ਅੰਬੀਆਂ ਵਰਗੀ ਹੋਣ ਕਰਕੇ ਪਾਠਕ ਦਾ ਮਨ ਪੁਸਤਕ ਦੇ ਹਰ ਅਗਲੇ ਪੰਨੇ ਨੂੰ ਪੜ੍ਹਨ ਨੂੰ ਆਪ ਮੁਹਾਰਾ ਹੀ ਕਰਦਾ ਹੈ। ਇਹਨਾਂ ਰਚਨਾਵਾਂ ਨੂੰ ਰੌਚਕ ਬਣਾਉਣ ਲਈ ਆਪ ਨੇ ਮੁਹਾਵਰੇਦਾਰ ਬੋਲੀ ਅਤੇ ਕਾਵਿ ਟੂਕਾਂ ਦੀ ਖੁੱਲ ਕੇ ਵਰਤੋਂ ਕੀਤੀ ਹੈ। ਇਸ ਪੁਸਤਕ ਦੇ ਸਾਰੇ ਲੇਖ ਸਾਨੂੰ ਜਿੱਥੇ ਪੰਜਾਬ ਦੇ ਦਰਸ਼ਨ ਕਰਵਾਉਂਦੇ ਹਨ ਵਿਸ਼ੇਸ਼ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਹੱਤਵਪੂਰਨ ਪਹਿਲੂਆਂ ਨੂੰ ਵੀ ਉਜਾਗਰ ਕਰਦੇ ਹਨ। ਜਿਵੇਂ ਕਿ ਸੰਗੀਤ ਘਰਾਣੇ, ਸਾਡੇ ਦੇਸ਼ ਪ੍ਰੇਮੀ, ਸਾਡੀ ਧਰਤੀ ਤੇ ਪੈਦਾ ਹੋਣ ਵਾਲੇ ਬੇਲ ਬੂਟੇ, ਖਾਸ ਕਰਕੇ ਅੰਬਾਂ ਦੀਆਂ ਕਿਸਮਾਂ ਆਦਿ ਦਾ ਜ਼ਿਕਰ ਮਿਲਦਾ ਹੈ। ਪੰਜਾਬ ਨੂੰ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਤੇ ਪਹੁੰਚਾਉਣ ਵਾਲੇ ਦੇਸ਼ ਪ੍ਰੇਮੀ ਅਧਿਕਾਰੀ ਐਮ ਐਸ ਰੰਧਾਵਾ ਬਾਰੇ ਦਰਜ ਲੇਖ ਸਾਨੂੰ ਆਪਣੇ ਮਹਾਨ ਸਪੂਤਾਂ ਨੂੰ ਯਾਦ ਕਰਵਾਉਂਦਾ ਹੋਇਆ ਚੰਗੇ ਭਵਿੱਖ ਲਈ ਤਿਆਰ ਕਰਦਾ ਹੈ। ਪੇਂਡੂ ਜਨ ਜੀਵਨ ਵਿੱਚ ਆਏ ਪਰਿਵਰਤਨਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਪੇਂਡੂ ਸੁਆਣੀਆਂ, ਬਚਪਨ ਅਤੇ ਖੋਜ ਭਰਪੂਰ ਕਾਰਜ ਕਰਨ ਵਾਲੇ ਲੋਕ ਇਸ ਪੁਸਤਕ ਵਿੱਚੋਂ ਸਹਿਜੇ ਹੀ ਮਿਲ ਜਾਂਦੇ ਹਨ। ਅਸਲ ਵਿੱਚ ਇਹ ਪੁਸਤਕ ਨੌਜਵਾਨ ਪੀੜ੍ਹੀ ਲਈ ਪ੍ਰੇਰਨਾਦਾਇਕ ਹੁੰਦੀ ਹੋਈ ਉਹਨਾਂ ਦੀ ਮਾਰਗ ਦਰਸ਼ਕ ਬਣਦੀ ਹੈ। ਸਾਨੂੰ ਆਪਣੀ ਅਮੀਰ ਵਿਰਾਸਤ ਨਾਲ ਜੁੜਨ ਲਈ ਤਿਆਰ ਕਰਦੀ ਹੈ। ਇਹ ਇੱਕ ਸੱਚਾਈ ਹੈ ਕਿ ਭਵਿੱਖ ਦੀ ਜੰਗ ਜਿੱਤਣ ਵਾਸਤੇ ਆਪਣੇ ਅਮੀਰ ਵਿਰਸੇ ਤੇ ਝਾਤ ਮਾਰਨੀ ਜ਼ਰੂਰੀ ਹੁੰਦੀ ਹੈ। ਖੋਜੀ ਲੇਖਕ ਵਰਿੰਦਰ ਸਿੰਘ ਨਿਮਾਣਾ ਨੇ ਇਸ ਪੁਸਤਕ ਰਾਹੀਂ ਇਸ ਕਾਰਜ ਨੂੰ ਕਰਨ ਲਈ ਸਾਡਾ ਅਭਿਆਸ ਕਰਵਾਇਆ ਹੈ। ਸੰਪਾਦਕ ਪ੍ਰੋਫੈਸਰ ਸੰਦੀਪ ਕੌਰ ਬੋਸਕੀ ਦੀ ਕਲਾਤਮਕ ਪੇਸ਼ਕਾਰੀ ਵੀ ਕਾਬਲੇ ਤਾਰੀਫ਼ ਹੈ। ਲੇਖਕ ਕੋਲੋਂ ਪੰਜਾਬ ਅਤੇ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਹੋਰ ਫੈਲਾਉਣ ਦੀਆਂ ਭਰਪੂਰ ਉਮੀਦਾਂ ਹਨ।



ਬਲਜਿੰਦਰ ਸਿੰਘ ਮਾਨ
ਸੰਪਾਦਕ
ਨਿੱਕੀਆਂ ਕਰੂੰਬਲਾਂ ਮੈਗਜ਼ੀਨ

ਹਫ਼ਤਾਵਰੀ ਆਨਲਾਈਨ ਮੈਗਜ਼ੀਨ
# ਅਦਬੀ ਵਿਰਾਸਤ
ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਅਲਫ਼ਾਜ਼ ਅਤੀਤ ਦੇ

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਲੇਖਿਕਾ: ਹਰਸਿਮਰਨ ਕੌਰ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ, ਪੰਨੇ: 144, ਮੁੱਲ: 300 ਰੁਪਏ**




ਲੇਖਿਕਾ ਹਰਸਿਮਰਨ ਕੌਰ ਇੱਕ ਬਹੁ-ਵਧਾਵੀ ਸਿਰਜਕ ਹਨ। ਆਪ ਨੇ ਸਾਹਿਤ ਦੀਆਂ ਭਿੰਨ ਭਿੰਨ ਵੰਨਗੀਆਂ ਤੇ ਸ਼ਾਨਦਾਰ ਕਲਮ ਚਲਾਈ ਹੈ। ਕਵਿਤਾਵਾਂ, ਲੇਖ, ਕਹਾਣੀਆਂ , ਮਿੰਨੀ ਕਹਾਣੀ ਅਤੇ ਬਾਲ ਸਾਹਿਤ ਦੇ ਖੇਤਰ ਵਿੱਚ ਵੀ ਸ਼ਾਨਦਾਰ ਕਾਰਜ ਕੀਤਾ ਹੈ। ਇਥੇ ਹੀ ਬਸ ਨਹੀਂ ਆਪਨੇ ਕੁਝ ਪੁਸਤਕਾਂ ਦੇ ਰੀਵਿਊ ਵੀ ਕੀਤੇ ਹਨ ਤੇ ਇਹਨਾਂ ਬਾਰੇ ਉੱਘੇ ਸਾਹਿਤਕਾਰਾਂ ਦੁਆਰਾ ਵਿਚਾਰ ਵੀ ਪ੍ਰਗਟ ਕੀਤੇ ਜਾ ਚੁੱਕੇ ਹਨ। ਇੱਕ ਪੁਸਤਕ ਅੰਗਰੇਜ਼ੀ ਵਿੱਚ ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਜਿਸ ਨੂੰ ਸਾਹਿਤ ਅਕੈਡਮੀ ਚੰਡੀਗੜ੍ਹ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਵੱਕਾਰੀ ਪੁਰਸਕਾਰ ਪ੍ਰਾਪਤ ਕਰਕੇ ਲਖਿਕਾ ਨੇ ਸਾਹਿਤ ਜਗਤ ਵਿੱਚ ਸ਼ਾਨਦਾਰ ਪੈੜਾਂ ਪਾਈਆਂ ਹਨ।

ਹਥਲੀ ਪੁਸਤਕ 'ਅਲਫਾਜ਼ ਅਤੀਤ ਦੇ ' ਅਸਲ ਵਿੱਚ ਉਹਨਾਂ ਦੇ ਸਿਮਰਤੀਆਂ ਦਾ ਖਜ਼ਾਨਾ ਹੈ ਜਿਸ ਵਿੱਚੋਂ ਕਵਿਤਾ, ਕਹਾਣੀ ਅਤੇ ਸਾਹਿਤ ਦੇ ਵੰਨ-ਸੁਵੰਨੇ ਚਸ਼ਮੇ ਫੁੱਟਦੇ ਹਨ। ਪੁਸਤਕ ਵਿੱਚ ਸੱਤ ਕਹਾਣੀਆਂ, ਚਾਰ ਮਿਨੀ ਕਹਾਣੀਆਂ, ਕੁਝ ਕਵਿਤਾਵਾਂ ,ਪੰਜ ਲੇਖ ਅਤੇ ਪੰਜ

ਰਿਵਿਊ ਦਰਜ ਹਨ । ਇਸੇ ਤਰ੍ਹਾਂ ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ ਦੇ ਚਰਚੇ ਵੀ ਸ਼ਾਮਿਲ ਕੀਤੇ ਗਏ ਹਨ। ਇਹ ਕਿਹਾ ਜਾਣਾ ਬਣਦਾ ਹੈ ਕਿ ਇਹ ਪੁਸਤਕ ਵੰਨ-ਸੁਵੰਨੇ ਰੰਗਾਂ ਦੀ ਪਟਾਰੀ ਹੈ। ਲੇਖਿਕਾ ਦੇ ਜੀਵਨ ਤਜਰਬੇ ਅਤੇ ਜ਼ਿੰਦਗੀ ਦੇ ਸਫ਼ਰ ਦੀਆਂ ਕਠਿਨਾਈਆਂ ਇਹਨਾਂ ਕਹਾਣੀਆਂ ਵਿੱਚੋਂ ਪ੍ਰਗਟ ਹੋਈਆਂ ਹਨ। ਅਸਲ ਵਿੱਚ ਉਹ ਆਪਣੇ ਬਚਪਨ ਅਤੇ ਜਵਾਨੀ ਦੇ ਸਮੇਂ ਨੂੰ ਤਾਂਘਦੀ ਹੋਈ ਆਧੁਨਿਕ ਸਮੇਂ ਦੀ ਪੀੜ੍ਹੀ ਨੂੰ ਸੁਚੇਤ ਕਰਦੇ ਹਨ। ਦੇਸ਼ ਦੀ ਵੰਡ ਦਾ ਦਰਦ ,ਰਿਸ਼ਤਿਆਂ ਨਾਤਿਆਂ ਵਿੱਚ ਆਈ ਕੁੜੱਤਣਾਂ, ਆਧੁਨਿਕ ਸਮਾਜ ਵਿੱਚ ਵਰਤ ਰਹੇ ਵਰਤਾਰੇ ਇਹਨਾਂ ਕਹਾਣੀਆਂ ਦਾ ਮੁੱਖ ਵਿਸ਼ਾ ਬਣਦੇ ਹਨ। ਅਕੀਦਾ ਕਹਾਣੀ ਵਿੱਚ ਸਾਨੂੰ ਕੁਦਰਤ ਦੁਆਰਾ ਸਿਰਜੇ ਜੀਵਾਂ ਨਾਲ ਪਿਆਰ ਮੁਹੱਬਤ ਦਾ ਸੰਦੇਸ਼ ਦਿੱਤਾ ਗਿਆ ਹੈ। ਦੂਸਰੇ ਬੰਨੇ ਇਸ ਜੀਵਨ ਵਿੱਚ ਮਨੁੱਖ ਨਾਲ ਮਨੁੱਖ ਧੋਖਾ ਕਰਦਾ ਹੈ ਪ੍ਰੰਤੂ ਜਾਨਵਰ ਹਰ ਕਿਸੇ ਦਾ ਭਲਾ ਲੋਚਦੇ ਹਨ। ਖੁੱਲੀਆਂ ਕਵਿਤਾਵਾਂ ਵਿੱਚ ਵੀ ਸਾਡੇ ਜੀਵਨ ਨੂੰ ਸ਼ਿੰਗਾਰਨ ਤੇ ਸੰਵਾਰਨ ਵਾਲੀਆਂ ਬਾਤਾਂ ਪਾਈਆਂ ਗਈਆਂ ਹਨ।

ਘੁੱਟ ਸਬਰ ਦਾ ਨਾਮੀ ਕਵਿਤਾ ਦੀਆਂ ਇਹ ਸਤਰਾਂ ਕਾਬਲੇ ਗੌਰ ਹਨ :-

ਇਹ ਯਾਦਾਂ ਫੇਰਾ ਪਾਂਦੀਆਂ/ ਇਕੱਲ ਦਾ ਸਾਥ ਨਿਭਾਂਦੀਆਂ /ਕੋਈ ਵੀ ਸਾਥ ਥਿਰ ਨਹੀਂ ਹੈ/ ਰਾਗ ਅਲਾਪ ਕੇ/ ਸੱਚ ਜਿੰਦ ਦਾ ਸਮਝਾਂਦੀਆਂ / ਸਬਰ ਦਾ ਘੁੱਟ ਪਿਲਾਂਦੀਆਂ....

ਪੁਸਤਕ ਦੇ ਵਾਰਤਕ ਭਾਗ ਵਿੱਚ ਵੱਖ-ਵੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਏ ਲੇਖ ਸ਼ਾਮਿਲ ਕੀਤੇ ਗਏ ਹਨ। ਇਹਨਾਂ ਵਿੱਚ ਬਾਬਾ ਆਲਾ ਸਿੰਘ ਜੀ, ਪੰਜਾਬ ਦੀ ਸ਼ਾਨ ਮਹਾਰਾਣੀ ਜਿੰਦਾ, ਮਹਾਨ ਕੋਸ਼ਕਾਰ ਭਾਈ ਕਾਨ ਸਿੰਘ ਨਾਭਾ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ,ਅੰਨਦਾਤਾ ਆਦਿ ਹਨ। ਪੁਸਤਕ ਬਰਫ ਦੀ ਅੱਗ, ਇਸ਼ਕ ਝਨਾ ਗਹਿਰਾ, ਅੰਮੀ ਜਾਈ ਕੀ ਕਰੇ, ਵਿਚਾਰ ਫੁਲਵਾੜੀ ਅਤੇ ਸ਼ੇਰ ਦੀ ਮਾਸੀ ਦੇ ਰੀਵਿਊ ਵੀ ਦਰਜ ਹਨ। ਪੁਸਤਕ ਪੜ੍ਹਦਿਆਂ ਸਾਹਿਤ ਦੇ ਸੱਤੇ ਰੰਗ ਪ੍ਰਗਟ ਹੋ ਜਾਂਦੇ ਹਨ ਅਤੇ ਪਾਠਕ ਨੂੰ ਕਾਵਿ ,ਵਾਰਤਕ ਅਤੇ ਕਥਾ ਰਸ ਮਿਲਦੇ ਹਨ। ਇਹ ਪੁਸਤਕ ਅਲਫ਼ਾਜ਼ ਅਤੀਤ ਦੇ ਲੇਖਿਕਾ ਦੀਆਂ ਯਾਦਾਂ ਅਤੇ ਪ੍ਰਾਪਤੀਆਂ ਦਾ ਖਜ਼ਾਨਾ ਹੈ।



ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## 22 ਜੁਲਾਈ ਜਨਮ ਦਿਨ 'ਤੇ ਵਿਸ਼ੇਸ਼

## ਗੁਰਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ-ਮਹਾਂਕਵੀ ਭਾਈ ਸੰਤੋਖ ਸਿੰਘ ਨੂੰ ਯਾਦ ਕਰਦਿਆਂ

-ਭਗਵਾਨ ਸਿੰਘ ਜੌਹਲ



ਸਮੁੱਚੇ ਸੰਸਾਰ ਵਿੱਚ ਸਥਾਪਤ ਗੁਰਦੁਆਰਾ ਸਾਹਿਬਾਨ ਵਿੱਚ ਸਿੱਖ ਇਤਿਹਾਸ ਦੀ ਕਥਾ ਰੋਜ਼ਾਨਾ ਕੀਤੀ ਜਾਂਦੀ ਹੈ। ਇਸ ਕਥਾ ਨੂੰ ਸੈਂਕੜੇ ਸਾਲਾਂ ਤੋਂ ਸਿੱਖ ਸੰਗਤ ਬੜੀ ਸ਼ਰਧਾ ਤੇ ਪ੍ਰੇਮ ਨਾਲ ਸਰਵਣ ਕਰਦੀ ਹੈ। ਇਸ ਗ੍ਰੰਥ ਦੇ ਰਚਨਹਾਰ ਮਹਾਂਕਵੀ ਭਾਈ ਸੰਤੋਖ ਸਿੰਘ ਵੱਲੋਂ ਅਨੇਕਾਂ ਹੋਰ ਗ੍ਰੰਥਾਂ ਵਿੱਚੋਂ ਹਵਾਲਿਆਂ ਸਹਿਤ ਆਪਣੇ ਵਿਚਾਰਾਂ ਨੂੰ ਵਿਸਥਾਰ ਦਿੱਤਾ ਹੈ। ਸਿੱਖ ਸੰਪਰਦਾਈ ਵਿਦਵਾਨ ਅਤੇ ਧਰਮ ਅਧਿਐਨ ਦੇ ਵਿੱਦਿਆਰਥੀ ਮਹਾਂਕਵੀ ਭਾਈ ਸੰਤੋਖ ਸਿੰਘ ਨੂੰ ਸਿੱਖ ਪੰਥ ਦੀ ਮਹਾਨ ਹਸਤੀ ਅਤੇ ਦੂਰਦਰਸ਼ੀ ਵਿਦਵਾਨ ਵਜੋਂ ਸਤਿਕਾਰ ਦਿੰਦੇ ਹਨ। ਇਨ੍ਹਾਂ ਦੇ ਪਿਤਾ ਜੀ ਭਾਈ ਦੇਵਾ ਸਿੰਘ ਨਿਰਮਲ ਸੰਪਰਦਾ ਦੇ ਸੰਤ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ। ਨਿਰਮਲੇ ਸੰਤਾਂ ਵਿੱਚ ਭਾਈ ਦੇਵਾ ਸਿੰਘ ਨੂੰ ਆਤਮ-ਰਸੀ ਮਹਾਂਪੁਰਸ਼ ਵਜੋਂ ਮਾਣ ਦਿੱਤਾ ਜਾਂਦਾ ਸੀ। ਭਾਈ ਸੰਤੋਖ ਸਿੰਘ ਦਾ ਜਨਮ ਉਸ ਸਮੇਂ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨੂਰ ਦੀਨ ਦੀ ਸਰਾਂ (ਮੌਜੂਦਾ ਜ਼ਿਲ੍ਹਾ ਤਰਨਤਾਰਨ) ਵਿਖੇ 22 ਜੁਲਾਈ ਅਰਥਾਤ 7 ਸਾਵਣ ਨੂੰ 1787 ਈ: ਵਿੱਚ ਭਾਈ ਦੇਵਾ ਸਿੰਘ ਤੇ ਮਾਤਾ ਰਾਜ ਦੇਈ ਦੇ ਗ੍ਰਹਿ ਵਿਖੇ ਹੋਇਆ। ਧਾਰਮਿਕ ਸੰਸਕਾਰ ਤੇ ਵਿੱਦਿਆ ਭਾਈ ਸੰਤੋਖ ਸਿੰਘ ਨੂੰ ਵਿਰਾਸਤ ਵਿੱਚੋਂ ਹੀ ਮਿਲ ਗਈ ਸੀ। ਘਰ ਦਾ ਰਹਿਣ-ਸਹਿਣ ਤੇ ਸੰਸਕਾਰੀ ਜੀਵਨ ਵਿੱਚੋਂ ਸਿੱਖ ਇਤਿਹਾਸ ਨੂੰ ਜਾਨਣਾ, ਵਿਚਾਰਨਾਂ ਤੇ ਵਰੇਡਿਆਂ ਦੀ ਸੰਗਤ ਤੇ ਤੀਖਣ ਬੁੱਧੀ ਵਿੱਚ ਕਵਿਤਾ ਵਰਗੀ ਕੋਮਲ ਕਲਾ ਦਾ ਵਿਕਾਸ ਹੋਇਆ। ਪੰਜਾਬ ਵਿੱਚ ਮਿਸਲਾਂ ਦਾ ਬੋਲਬਾਲਾ ਸੀ, ਹਰ ਮਿਸਲ ਦਾ ਸਰਦਾਰ ਆਪਣੀ ਮਿਸਲ ਦੇ ਵਾਧੇ ਲਈ ਜ਼ੋਰ-ਅਜ਼ਮਾਈ ਕਰਦਾ ਸੀ। ਪਿਤਾ ਜੀ ਭਾਈ ਦੇਵਾ ਸਿੰਘ ਦੀ ਨਿਗਰਾਨੀ ਵਿੱਚ ਬਚਪਨ ਤੋਂ ਜਵਾਨੀ ਦਾ ਸਫ਼ਰ ਤਹਿ ਕੀਤਾ।

ਜਦੋਂ ਭਾਈ ਸਾਹਿਬ ਨੇ ਕਾਵਿ-ਰਚਨਾ ਸ਼ੁਰੂ ਕੀਤੀ ਤਾਂ ਸਭ ਤੋਂ ਪਹਿਲਾਂ ਇਕ ਪੁਰਾਤਨ ਗ੍ਰੰਥ ਅਮਰ ਕੋਸ਼ ਦਾ ਅਨੁਵਾਦ ਨਾਮ ਕੋਸ਼ ਦੇ ਰੂਪ ਵਿੱਚ ਕਰਕੇ ਆਪਣੇ ਗਿਆਨ-ਭੰਡਾਰ ਵਿੱਚ ਵਾਧਾ ਕੀਤਾ। ਇਸ ਤੋਂ ਪਿੱਛੋਂ ਇਕ ਮਹਾਨ ਰਚਨਾ ਜੋ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸੀ, ਜੋ ਗੁਰੂ ਨਾਨਕ ਪ੍ਰਕਾਸ਼ ਦੇ ਨਾਂਅ ਨਾਲ ਜਾਣੀ ਜਾਂਦੀ ਹੈ, ਦੀ ਰਚਨਾ ਕੀਤੀ।

ਲਗਪਗ 36 ਸਾਲ ਦੀ ਆਯੂ ਵਿੱਚ ਮਹਾਂਕਵੀ ਭਾਈ ਸੰਤੋਖ ਸਿੰਘ ਜਗਾਧਰੀ ਨੇੜੇ ਬੂੜੀਆਂ ਰਿਆਸਤ ਵਿਖੇ ਚਲੇ ਗਏ। ਇਸ ਰਿਆਸਤ ਦੇ ਨਿਵਾਸ ਦੌਰਾਨ ਇਨ੍ਹਾਂ ਦੀ ਸ਼ਾਦੀ ਬੀਬੀ ਰਾਮ ਕੌਰ ਨਾਲ ਹੋਈ। ਇਥੇ ਰਹਿੰਦਿਆਂ ਹੀ ਤਿੰਨ-ਚਾਰ ਸਾਲਾਂ ਵਿੱਚ ਹੀ ਇਨ੍ਹਾਂ ਦੀ ਵਿਦਵਤਾ ਦੀ ਚਰਚਾ ਸਮੁੱਚੀਆਂ ਸੰਪਰਦਾਵਾਂ ਤੇ ਸਿੱਖ ਜਗਤ ਵਿੱਚ ਹੋਣ ਲੱਗੀ। ਇਨ੍ਹਾਂ ਦੇ ਪ੍ਰਮੁੱਖ ਵਿਦਵਾਨ ਕਵੀ ਵਜੋਂ ਮਾਣ-ਵੱਡਿਆਈ ਦਾ ਇਹ ਸਿਖਰ ਸੀ। ਪੰਜਾਬ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਖ਼ਾਲਸਾ ਸਰਕਾਰ ਹਕੂਮਤ ਕਰ ਰਹੀ ਸੀ। 1827 ਈ: ਵਿੱਚ ਕੈਥਲ ਰਿਆਸਤ ਨੇ ਭਾਈ ਸੰਤੋਖ ਸਿੰਘ ਮਹਾਂਕਵੀ ਨੂੰ ਆਪਣੇ ਰਾਜ ਦਾ ਰਾਜ ਕਵੀ ਬਣਾ ਲਿਆ। ਇਸੇ ਕਾਲ ਦੇ ਦੌਰਾਨ ਆਪ ਨੇ ਸਭ ਤੋਂ ਪਹਿਲਾਂ ਗਰਬ ਗੰਜਨੀ ਟੀਕਾ ਅਤੇ ਫਿਰ ਬਾਲਮੀਕੀ ਰਮਾਇਣ ਭਾਸ਼ਾ ਅਤੇ ਆਤਮ ਪੁਰਾਣ ਦੀ ਰਚਨਾ ਕੀਤੀ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕਰਨ ਲਈ ਸੱਤ ਸਾਲ ਦਾ ਸਮਾਂ ਲੱਗਾ। ਇਹ ਮਹਾਨ ਗ੍ਰੰਥ 1843 ਈ: ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ 4 ਸਾਲ ਬਾਅਦ ਮੁਕੰਮਲ ਹੋਇਆ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਭਾਰਤੀ ਦਰਸ਼ਨ ਸ਼ਾਸਤਰ, ਕਾਵਿ-ਸ਼ਾਸਤਰ ਤੇ ਧਰਮ ਸਾਧਨਾ ਦਾ ਅਧਿਐਨ ਇਕ ਨਿਸ਼ਠਾਵਾਨ ਵਿਦਵਾਨ ਵਜੋਂ ਕੀਤਾ। ਜਦੋਂ ਅਜੋਕੇ ਸਮੇਂ ਵਿੱਚ ਅਸੀਂ ਭਾਰਤੀ ਪੁਰਾਤਨ ਧਾਰਮਿਕ ਵਿੱਦਿਆ ਦੀ ਕੋਈ ਉਦਾਹਰਣ ਦਿੰਦੇ ਹਾਂ ਤਾਂ ਸਭ ਤੋਂ ਪਹਿਲਾਂ ਮਹਾਂਕਵੀ ਭਾਈ ਸੰਤੋਖ ਸਿੰਘ ਦਾ ਜ਼ਿਕਰ ਮਿਲਦਾ ਹੈ, ਜਿਸ ਨੇ ਭਾਰਤੀ ਸੰਸਕ੍ਰਿਤੀ ਅਤੇ ਧਰਮ-ਅਧਿਐਨ ਵਿੱਚ ਨਿਪੁੰਨਤਾ ਹਾਸਲ ਕੀਤੀ। ਇਸ ਤੋਂ ਇਲਾਵਾ ਸ਼ਸਤਰ ਅਤੇ ਯੁੱਧ ਕਲਾ ਦੀ ਵਿੱਦਿਆ ਵਿੱਚ ਵੀ ਭਾਈ ਸਾਹਿਬ ਨੂੰ ਸਤਿਕਾਰ ਵਜੋਂ ਯਾਦ ਕੀਤਾ ਜਾਂਦਾ ਹੈ। ਬਹੁ-ਭਾਸ਼ਾਵਾਂ ਦੇ ਗਿਆਤਾ ਵਜੋਂ ਅਜੋਕੇ ਵਿਦਵਾਨ ਆਪ ਜੀ ਨੂੰ ਕਦਰਦਾਨ ਵਾਲੀ ਨਜ਼ਰ ਨਾਲ ਵੇਖਦੇ ਹਨ। ਕਵਿਤਾ ਵਰਗੀ ਕੋਮਲ ਕਲਾ ਦਾ ਆਵੇਸ਼ ਮਹਾਂਕਵੀ ਭਾਈ ਸੰਤੋਖ ਸਿੰਘ ਨੂੰ ਆਪ-ਮੁਹਾਰੇ ਰੱਬੀ ਬਖ਼ਸ਼ਿਸ਼ ਨਾਲ ਹੁੰਦਾ ਸੀ। ਇੰਨੇ ਵੱਡੇ ਵਿਦਵਾਨ ਤੇ ਗਿਆਨਵਾਨ ਹੋਣ ਦੇ ਨਾਤੇ ਅਹੰਕਾਰ ਵਰਗਾ ਵੱਡਾ ਔਗੁਣ ਆਪ ਤੋਂ ਕੋਹਾਂ ਦੂਰ ਰਹਿੰਦਾ ਸੀ। ਆਪ ਨਿਮਰਤਾ, ਕੋਮਲਤਾ, ਨਿਰਮਾਣਤਾ ਅਤੇ ਉਦਾਰ ਚਿੱਤ ਸੁਭਾਅ ਦੇ ਮਾਲਕ, ਪੂਰਨ ਗੁਰਮੁੱਖ ਸਨ। ਤਿਆਗ ਤੇ ਵੈਰਾਗ ਆਪ ਦੇ ਜੀਵਨ ਦੇ ਵੱਡੇ ਗੁਣ ਸਨ।

ਗੁਰਪ੍ਰਤਾਪ ਸੂਰਜ ਗ੍ਰੰਥ ਦੀ ਮਹਾਨ ਰਚਨਾ ਤੋਂ ਪਿੱਛੋਂ ਆਪ ਤਿੰਨ ਕੁ ਮਹੀਨੇ ਹੀ ਸਰੀਰ ਕਰਕੇ ਇਸ ਨਾਸ਼ਵਾਨ ਸੰਸਾਰ ਵਿੱਚ ਰਹੇ। 56-57 ਸਾਲ ਦੀ ਅਰਜਾ ਭੋਗ ਕੇ ਆਪ ਆਪਣੇ ਲੱਖਾਂ ਸਨੇਹੀਆਂ ਨੂੰ ਅਛੋਪਲੇ ਜਿਹੇ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਸਮੁੱਚੇ ਸਿੱਖ ਜਗਤ ਵਿੱਚ ਆਪ ਜੀ ਦੀ ਯਾਦ ਸਦੀਵੀ ਬਣੀ ਰਹੇਗੀ।



ਸ. ਭਗਵਾਨ ਸਿੰਘ ਜੌਹਲ




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## 24 ਜੁਲਾਈ ਨੂੰ ਬਰਸੀ 'ਤੇ ਵਿਸ਼ੇਸ਼



### ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ

-ਭਗਵਾਨ ਸਿੰਘ ਜੌਹਲ

+91 98143 24040

ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਤੋਂ ਪਹਿਲਾਂ ਅਜਿਹਾ ਹੀ ਇਕ ਹੋਰ ਖੂਨੀ ਸਾਕਾ ਹਿੰਦੁਸਤਾਨ ਦੀ ਧਰਤੀ 'ਤੇ ਵਾਪਰਿਆ । ਇਸ ਸਾਕੇ ਨੂੰ ਬਜਬਜਘਾਟ ਦੇ ਖੂਨੀ ਸਾਕੇ ਵਜੋਂ ਹਰ ਦੇਸ਼ ਵਾਸੀ ਯਾਦ ਕਰਦਾ ਹੈ । ਇਹ ਖੂਨੀ ਸਾਕਾ ਹੁਗਲੀ ਨਦੀ ਦੇ ਕਿਨਾਰੇ ਬਜਬਜਘਾਟ ਨਾਂਅ ਦੀ ਬੰਦਰਗਾਹ 'ਤੇ 29 ਸਤੰਬਰ, 1914 ਨੂੰ ਵਾਪਰਿਆ । ਇਸ ਖੂਨੀ ਸਾਕੇ ਸਮੇਂ ਜਿਸ ਜੁਝਾਰੂ ਸਿੱਖ ਆਗੂ ਦੀ ਅਗਵਾਈ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੇ ਦੇਸ਼ ਦੀ ਅਜ਼ਾਦੀ ਲਈ ਨਵੀਂ ਚੇਤਨਾ ਪੈਦਾ ਕਰਨ ਲਈ ਕੁਰਬਾਨੀਆਂ ਦਿੱਤੀਆਂ, ਉਸ ਮਹਾਨ ਸਿੱਖ ਆਗੂ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਨਾਂਅ ਨਾਲ ਹਰ ਬਸ਼ਰ ਯਾਦ ਕਰਦਾ ਹੈ । ਬਾਬਾ ਗੁਰਦਿੱਤ ਸਿੰਘ ਦਾ ਜਨਮ ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 1861 ਈ: ਨੂੰ ਹੋਇਆ । ਇਨ੍ਹਾਂ ਦੇ ਪਿਤਾ ਜੀ ਸ। ਹੁਕਮ ਸਿੰਘ ਸੰਧੂ ਖੇਤੀਬਾੜੀ ਦਾ ਧੰਦਾ ਕਰਦੇ ਸਨ । ਬਾਬਾ ਜੀ ਨੇ ਮੁੱਢਲੀ ਸਿੱਖਿਆ ਤੋਂ ਪਿੱਛੋਂ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਆਰੰਭ ਕੀਤਾ । ਪਰ ਇਹ ਕਿੱਤਾ ਲਾਭਕਾਰੀ ਨਹੀਂ ਸੀ । ਬਾਬਾ ਜੀ ਦੇ ਮਨ ਵਿੱਚ ਵਿਉਪਾਰ ਕਰਨ ਦੀ ਲਗਨ ਸੀ । ਇਸੇ ਲਗਨ ਨੂੰ ਲੈ ਕੇ ਬਾਬਾ ਜੀ ਪਹਿਲਾਂ ਮਲਾਇਆ ਪਹੁੰਚੇ ਤੇ ਇਸ ਤੋਂ ਪਿੱਛੋਂ ਹਾਂਗਕਾਂਗ ਚਲੇ ਗਏ । ਬਾਬਾ ਜੀ ਨੇ ਵਪਾਰ ਕਰਨ ਦੇ ਆਸ਼ੇ ਨੂੰ ਮੁੱਖ ਰੱਖ ਕੇ ਕੁਝ ਸਮੇਂ ਲਈ ਠੇਕੇਦਾਰੀ ਦਾ ਕਿੱਤਾ ਕੀਤਾ । ਥੋੜ੍ਹਾ ਸਮਾਂ ਠੇਕੇਦਾਰੀ ਕਰਨ ਤੋਂ ਪਿੱਛੋਂ ਉਨ੍ਹਾਂ ਇਕ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਕਿਰਾਏ 'ਤੇ ਲੈ ਲਿਆ ।

ਬਾਬਾ ਜੀ ਬੜੀ ਤੇਜ਼-ਤਰਾਰ ਬਾਣੀ ਦੇ ਮਾਲਕ ਸਨ । ਉਨ੍ਹਾਂ ਦੇ ਮਨ ਵਿੱਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੀ ਆਰਥਿਕ ਮੰਦਹਾਲੀ ਦਾ ਦੁੱਖ ਅਤੇ ਗੁਲਾਮੀ ਹੋਣ ਦੀ ਲਾਹਨਤ ਤੋਂ ਇਲਾਵਾ ਅੰਗ੍ਰੇਜ਼ ਸਰਕਾਰ ਦੀ ਲੁੱਟ-ਖਸੁੱਟ ਦੀ ਮਾਰੂ ਨੀਤੀ ਘਰ ਕਰ ਚੁੱਕੀ ਸੀ । ਉਨ੍ਹਾਂ ਸਾਂਝੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 376 ਮੁਸਾਫਰਾਂ ਸਮੇਤ ਇਸ ਜਹਾਜ਼ ਨੂੰ ਕੈਨੇਡਾ ਲਿਜਾਣ ਦਾ ਪ੍ਰੋਗਰਾਮ ਬਣਾਇਆ । ਇਨ੍ਹਾਂ ਮੁਸਾਫਰਾਂ ਵਿੱਚ ਕੇਵਲ 30 ਗੈਰ ਸਿੱਖ ਯਾਤਰੂ ਸਨ, ਬਾਕੀ ਸਾਰੇ ਸਿੱਖ ਹੀ ਸਨ । ਉਨ੍ਹਾਂ ਇਸ ਜਹਾਜ਼ ਦਾ ਨਾਂਅ ਕਾਮਾਗਾਟਾਮਾਰੂ ਦੀ ਥਾਂ 'ਤੇ ਗੁਰੂ ਨਾਨਕ ਜਹਾਜ਼ ਰੱਖਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਇਸ ਜਹਾਜ਼ ਵਿੱਚ ਕੀਤਾ । ਵਪਾਰਕ ਨਜ਼ਰੀਏ ਨਾਲ ਕੁਝ ਕੋਲਾ ਵੀ ਇਸ ਜਹਾਜ਼ ਵਿੱਚ ਭਰਿਆ ਗਿਆ । ਜਹਾਜ਼ ਨੂੰ ਰਵਾਨਾ ਕਰਨ ਤੋਂ ਪਹਿਲਾਂ ਇਥੇ ਹਕੂਮਤ ਕਰ ਰਹੀ ਅੰਗ੍ਰੇਜ਼ ਸਰਕਾਰ ਨੇ ਬਹੁਤ ਸਾਰੀਆਂ ਰੁਕਾਵਟਾਂ ਪਾਈਆਂ । ਇਨ੍ਹਾਂ ਸਾਰੀਆਂ ਤੰਗੀਆਂ ਤੁਰਸ਼ੀਆਂ ਨੂੰ ਝਲਦਿਆਂ ਆਖਰ ਇਹ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਲਈ 4 ਅਪ੍ਰੈਲ, 1914 ਈ: ਨੂੰ ਰਵਾਨਾ ਹੋਇਆ । ਸਮੁੰਦਰੀ ਸਫ਼ਰ ਤੈਅ ਕਰਕੇ 22 ਮਈ, 1914 ਈ: ਨੂੰ ਇਹ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਿਆ, ਪਰ ਇਸ ਜਹਾਜ਼ ਨੂੰ ਬੰਦਰਗਾਹ ਤੋਂ ਪਿੱਛੋਂ ਹੀ ਰੋਕ ਲਿਆ ਗਿਆ । ਇਸ ਜਹਾਜ਼ ਵਿੱਚ ਸਫ਼ਰ ਕਰ ਰਹੇ ਮੁਸਾਫਰਾਂ ਵਿੱਚੋਂ ਕੇਵਲ ਉਨ੍ਹਾਂ ਨੂੰ ਹੀ ਉਤਰਨ ਦੀ ਆਗਿਆ ਦਿੱਤੀ ਗਈ, ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ । ਬਾਕੀ ਸਾਰੇ ਮੁਸਾਫਿਰ ਲਗਪਗ ਦੋ ਮਹੀਨੇ (23 ਜੁਲਾਈ) ਤੱਕ ਸਮੁੰਦਰ ਵਿੱਚ ਸਖ਼ਤ ਪਹਿਰੇ ਹੇਠ ਰੋਕੀ ਰੱਖੇ । ਇਨ੍ਹਾਂ ਦੋ ਮਹੀਨਿਆਂ ਦੌਰਾਨ ਸਮੁੰਦਰੀ ਜਹਾਜ਼ ਵਿੱਚ ਰਾਸ਼ਨ ਆਦਿ ਵੀ ਖਤਮ ਹੋ ਗਿਆ । ਸਮੁੰਦਰ ਵਿੱਚ ਰਹਿਣ ਕਰਕੇ ਬਹੁਤ ਸਾਰੇ ਮੁਸਾਫਿਰ ਅਨੇਕਾਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਗਏ ।

ਅਨੇਕਾਂ ਕਠਿਨਾਈਆਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਇਹ ਮੁਸਾਫਿਰ 29 ਸਤੰਬਰ, 1914 ਈ: ਵਿਖੇ ਬਾਬਾ ਜੀ ਦੀ ਅਗਵਾਈ ਵਿੱਚ ਹੁਗਲੀ ਬੰਦਰਗਾਹ 'ਤੇ ਪਹੁੰਚੇ । ਇਸ ਘਾਟ ਦਾ ਨਾਂਅ ਬਜਬਜਘਾਟ ਵਜੋਂ ਜਾਣਿਆ ਜਾਂਦਾ ਹੈ । ਭਾਰਤ ਵਿੱਚ ਰਾਜ ਕਰ ਰਹੀ ਅੰਗ੍ਰੇਜ਼ ਸਰਕਾਰ ਨੂੰ ਇਹ ਸਾਰੇ ਮਰਜੀਵੜੇ ਵਿਦਰੋਹੀ ਨਜ਼ਰ ਆਉਂਦੇ ਸਨ, ਕਿਉਂਕਿ ਲਗਪਗ ਸਾਢੇ ਪੰਜ ਮਹੀਨੇ ਪਿੱਛੋਂ ਇਹ ਭਾਰਤੀ ਬੰਦਰਗਾਹ 'ਤੇ ਪੁੱਜੇ ਸਨ । ਇਨ੍ਹਾਂ ਨੂੰ ਜਹਾਜ਼ ਤੋਂ ਉਤਰਨ ਤੋਂ ਪਹਿਲਾਂ ਸਾਰੇ ਜਹਾਜ਼ ਦੀ ਤਲਾਸ਼ੀ ਲਈ ਗਈ । ਸਰਕਾਰ ਨੇ ਫੈਸਲਾ ਕੀਤਾ ਕਿ ਇਨ੍ਹਾਂ ਭੁੱਖ ਅਤੇ ਬਿਮਾਰੀਆਂ ਤੋਂ ਤੰਗ ਆਏ ਸਾਰੇ ਬਾਕੀ ਮੁਸਾਫਿਰਾਂ ਨੂੰ ਇਕ ਬੰਦ ਰੇਲ ਗੱਡੀ ਰਾਹੀਂ ਪੰਜਾਬ ਭੇਜਿਆ ਜਾਵੇ । 17 ਮੁਸਲਮਾਨ ਮੁਸਾਫਿਰ ਸਰਕਾਰ ਦਾ ਹੁਕਮ ਮੰਨ ਕੇ ਗੱਡੀ ਵਿੱਚ ਸਵਾਰ ਹੋ ਗਏ, ਬਾਕੀ ਸਾਰੇ ਮੁਸਾਫਿਰ ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਜਲੂਸ ਦੀ ਸ਼ਕਲ ਵਿੱਚ ਪੈਦਲ ਚੱਲ ਪਏ । ਉਨ੍ਹਾਂ ਪਲੇਟਫਾਰਮ 'ਤੇ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਆਰੰਭ ਕੀਤਾ । ਏਨੇ ਨੂੰ ਫੌਜ ਅਤੇ ਪੁਲਸ ਦੀਆਂ ਟੁੱਕੜੀਆਂ ਨੇ ਇਨ੍ਹਾਂ ਜੁਝਾਰੂ ਪੰਜਾਬੀਆਂ ਉੱਤੇ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ । ਸਰਕਾਰੀ ਰਿਕਾਰਡ ਮੁਤਾਬਿਕ 16 ਮੁਸਾਫਿਰ ਸ਼ਹਾਦਤ ਦਾ ਜਾਮ ਪੀ ਗਏ, 25 ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ । ਇਸ ਬਜਬਜਘਾਟ ਦੇ ਖੂਨੀ ਸਾਕੇ ਨੇ ਦੇਸ਼ ਭਗਤਾਂ ਅੰਦਰ ਅਜ਼ਾਦੀ ਦੀ ਲਹਿਰ ਨੂੰ ਹੋਰ ਤਿੱਖਾ ਕੀਤਾ ।

ਇਸ ਖੂਨੀ ਸਾਕੇ ਸਮੇਂ ਬਾਬਾ ਗੁਰਦਿੱਤ ਸਿੰਘ ਆਪਣੇ ਹੋਰ 28 ਸਾਥੀਆਂ ਸਮੇਤ ਉਸ ਜਗ੍ਹਾ ਤੋਂ ਬੱਚ ਕੇ ਨਿਕਲ ਜਾਣ ਵਿੱਚ ਕਾਮਯਾਬ ਹੋ ਗਏ । ਇਹ ਜੁਝਾਰੂ ਬਾਬਾ ਛੇਅ ਸਾਲ ਤੱਕ ਗੁਪਤ ਵਾਸ ਵਿੱਚ ਰਿਹਾ । ਇਸ ਤੋਂ ਪਿੱਛੋਂ ਉਹ ਲੋਕ ਸਾਹਮਣੇ ਆਏ । ਕਈ ਵਾਰ ਇਸ ਦੇਸ਼ ਭਗਤ ਬਾਬੇ ਨੂੰ ਸਖ਼ਤ ਕੈਦ ਕੱਟਣੀ ਪਈ । ਉਹ ਹੁਣ ਪੂਰੀ ਤਰ੍ਹਾਂ ਰਾਸ਼ਟਰੀ ਅੰਦੋਲਨ ਵਿੱਚ ਸ਼ਾਮਿਲ ਹੋ ਚੁੱਕੇ ਸੀ । ਇਸ ਦੌਰਾਨ ਆਜ਼ਾਦੀ ਲਈ ਘੋਲ ਕਰ ਰਹੇ ਰਾਸ਼ਟਰੀ ਆਗੂਆਂ ਨੂੰ ਗੁਪਤਵਾਸ ਦੌਰਾਨ ਮਿਲਦਾ ਵੀ ਰਿਹਾ । 1926 ਈ: ਵਿੱਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਗੁਹਾਟੀ ਸੈਸ਼ਨ ਵਿੱਚੋਂ 50 ਸਿੱਖ ਡੈਲੀਗੇਟਾਂ ਸਮੇਤ ਵਾਕਆਊਟ ਕੀਤਾ, ਕਿਉਂਕਿ ਉਸ ਸਮੇਂ ਸਬਜੈਕਟ ਕਮੇਟੀ ਨੇ ਆਪਣੇ ਪਾਸ ਹੋਣ ਵਾਲੇ ਮਤਿਆਂ ਵਿੱਚ ਮਹਾਰਾਜਾ ਨਾਭਾ ਸ: ਰਿਪੁਦਮਨ ਸਿੰਘ ਨੂੰ ਅੰਗ੍ਰੇਜ਼ਾਂ ਵੱਲੋਂ ਗੱਦੀ ਤੋਂ ਵੱਖ ਕਰਨ ਦੀ ਬੇਇਨਸਾਫੀ ਵਿਰੁੱਧ ਮਤਾ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਇਸ ਤੋਂ ਪਿੱਛੋਂ 1931 ਈ: ਤੋਂ 1933 ਈ: ਤੱਕ ਰਾਜਨੀਤਿਕ ਗਤੀਵਿਧੀਆਂ ਕਾਰਨ ਤਿੰਨ ਵਾਰ ਜੇਲ੍ਹ ਜਾਣਾ ਪਿਆ । 1937 ਈ: ਵਿੱਚ ਕਾਂਗਰਸ ਵੱਲੋਂ ਵਿਧਾਇਕ ਦੀ ਚੋਣ ਲੜੀ ਪਰ ਹਾਰ ਗਏ । ਇਹ ਮਹਾਨ ਜੁਝਾਰੂ ਸਿੱਖ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ 94 ਵਰ੍ਹਿਆਂ ਦੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ 24 ਜੁਲਾਈ, 1954 ਨੂੰ ਅਕਾਲ ਚਲਾਣਾ ਕਰ ਗਿਆ । ਬਜਬਜਘਾਟ ਦੇ ਖੂਨੀ ਸਾਕੇ ਦੀ ਬਣੀ ਹੋਈ ਸ਼ਹੀਦੀ ਯਾਦਗਾਰ ਅੱਜ ਵੀ ਬਾਬਾ ਜੀ ਦੀ ਅਗਵਾਈ ਵਿੱਚ ਵਾਪਰੇ ਇਸ ਖੂਨੀ ਸਾਕੇ ਦੀ ਯਾਦ ਨੂੰ ਅੱਜ ਵੀ ਤਾਜ਼ਾ ਕਰ ਰਹੀ ਹੈ ।



ਸ. ਭਗਵਾਨ ਸਿੰਘ ਜੌਹਲ

+91 98143 24040

ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।




"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਕਵਿਤਾ ਲਿਖਣ ਨੂੰ ਸ਼ੁਗਲ ਨਹੀਂ, ਸਮਾਜਿਕ ਜ਼ਿੰਮੇਵਾਰੀ ਸਮਝਦਾ ਹੈ - ਜਸਵੰਤ ਗਿੱਲ ਸਮਾਲਸਰ

## ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਸੰਬੋਧਨੀ ਸੁਰ ਵਾਲੀ ਜੁਝਾਰਵਾਦੀ






**ਜਗਦੀਸ਼ ਰਾਣਾ**
**79862-07849**

ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਸੰਬੋਧਨੀ ਸੁਰ ਵਾਲੀ ਜੁਝਾਰਵਾਦੀ ਕਵਿਤਾ ਹੈ ਜਿਸ ਰਾਹੀਂ ਉਹ ਆਪਣੀ ਵਿਦਰੋਹੀ ਸੁਰ ਦੇ ਜ਼ਰੀਏ ਜ਼ਿੰਦਗੀ ਦੇ ਘੋਲ ਵਿੱਚੋਂ ਆਪਣੀ ਹੋਂਦ ਲਈ ਸੰਘਰਸ਼ ਕਰਦੇ ਕਿਰਤੀਆਂ ਦੀ ਗਾਥਾ ਨੂੰ ਬਿਆਨ ਕਰਦਾ ਹੈ। ਇਸੇ ਲਈ ਉਹ ਕਹਿੰਦਾ ਹੈ ਕਿ ਮੇਰੀ ਕਵਿਤਾ ਨਿਰੀ ਪੁਰੀ ਪਾਠਕ ਦੇ ਸਵਾਦ ਮਾਤਰ ਲਈ ਨਹੀਂ ਹੈ ਸਗੋਂ ਸੰਵਾਦ ਲਈ ਹੈ। ਸੋਚਣ ਵਿਚਾਰਨ, ਗ਼ੌਰ ਕਰਨ ਤੇ ਅਮਲ ਕਰਨ ਲਈ ਹੈ।ਉਹ ਸਿੱਧੇ ਤੇ ਸਪੱਸ਼ਟ ਸ਼ਬਦਾਂ ਵਿੱਚ ਆਖਦਾ ਹੈ ਕਿ ਮੇਰੀ ਕਵਿਤਾ ਸਿਰਫ਼ ਤੁਹਾਡੇ ਸਵਾਦ ਲਈ ਸ਼ਬਦਾਂ ਦਾ ਗਰਭਪਾਤ ਨਹੀਂ ਕਰ ਸਕਦੀ।

ਜਸਵੰਤ ਗਿੱਲ ਸਮਾਲਸਰ ਉਹਨਾਂ ਹਾਲਾਤਾਂ ਵਿੱਚ ਪਲ਼ ਕੇ ਜਵਾਨ ਹੋਇਆ ਹੈ ਜਿੱਥੇ ਦੋ ਡੰਗ ਦੀ ਰੋਟੀ ਕਮਾਉਣ ਲਈ ਜ਼ਿੰਦਗੀ ਨਾਲ਼ ਰੋਜ਼ਾਨਾ ਜੰਗ ਲੜਨੀ ਪੈਂਦੀ ਹੈ। ਸਮੇਂ ਦੀਆਂ ਪਿੰਡਾ ਲੂਹਣੀਆਂ ਗ਼ਰਮ ਹਵਾਵਾਂ ਦੀ ਮਾਰ ਸਹਿੰਦਿਆਂ ਆਪਣੇ ਲਈ ਆਪ ਹੀ ਸੀਤਲ ਪੌਣਾਂ ਦਾ ਪ੍ਰਬੰਧ ਕਰਨਾ ਪੈਂਦਾ ਹੈ। ਅਜਿਹਾ ਮਾਹੌਲ ਜਿੱਥੇ ਇਨਸਾਨ ਨੂੰ ਘੜੀ ਮੁੜੀ ਸਮਾਜਿਕ ਧਾਰਮਿਕ ਤੇ ਸਭਿਆਚਾਰਕ ਤੌਰ ਤੇ ਆਪਣੀ ਹੋਂਦ ਦੀ ਲੜਾਈ ਲੜਨੀ ਪੈਂਦੀ ਹੈ। ਕਿਹਾ ਵੀ ਜਾਂਦਾ ਹੈ ਕਿ ਕੋਈ ਵੀ ਮੁਸ਼ਕਿਲ, ਮੁਸੀਬਤ ਇਨਸਾਨ ਦੇ ਹੌਸਲੇ ਤੋਂ ਵੱਡੀ ਨਹੀਂ ਹੁੰਦੀ ਤੇ ਹਾਰਦੇ ਸਿਰਫ਼ ਉਹੀ ਹਨ ਜਿਹੜੇ ਹਾਲਾਤ ਨਾਲ਼ ਲੜਦੇ ਨਹੀਂ। ਭਾਵੇਂ ਕਿ ਅਜਿਹੀਆਂ ਗੱਲਾਂ ਕਰਨੀਆਂ ਬੜੀਆਂ ਸੌਖੀਆਂ ਹੁੰਦੀਆਂ ਹਨ ਪਰ ਜਿਹੜਾ ਇਨਸਾਨ ਅਜਿਹੀਆਂ ਸਥਿਤੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਦਾ ਹੈ ਅਸਲ ਵਿੱਚ ਉਹੀ ਜਾਣਦਾ ਹੁੰਦਾ ਹੈ ਕਿ ਤੱਤੀ ਰੇਤਾ 'ਤੇ ਨੰਗੇ ਪੈਰਾਂ ਦਾ ਸਫ਼ਰ ਕਿੰਝ ਹੁੰਦਾ ਹੈ। ਅਜਿਹੇ ਪਰਿਵਾਰ ਵਿੱਚ ਜਨਮ ਜਿੱਥੇ ਪਿਆਸ ਬੁਝਾਉਣ ਲਈ ਨਿੱਤ ਹੀ ਨਵਾਂ ਖੂਹ ਪੁੱਟਣਾ ਪੈਂਦਾ ਹੋਵੇ। ਜਿੱਥੇ ਜ਼ਿੰਦਗੀ ਨੂੰ ਜ਼ਿੰਦਗੀ ਵਰਗਾ ਕਰਨ ਲਈ ਜ਼ਿੰਦਗੀ ਭਰ ਔਕੜਾਂ, ਤਕਲੀਫ਼ਾਂ ਝੱਲਣੀਆਂ ਪੈਂਦੀਆਂ ਹੋਣ ਤੇ ਤਾ-ਉਮਰ ਸੰਘਰਸ਼ ਕਰਨਾ ਪੈਂਦਾ ਹੋਵੇ। ਜਿੱਥੇ ਗੁੜ੍ਹਤੀ ਵਿਚ ਹੀ ਸੁਪਨਮਈ ਜੀਵਨ ਦੀ ਜਗ੍ਹਾ ਉਲਝਣਾਂ ਚਿੰਤਾਵਾਂ ਨਾਲ ਵਾਅ ਵਾਸਤਾ ਪੈਂਦਾ ਹੋਵੇ।ਜਿੱਥੇ ਰੰਗਾਂ,ਉਮੰਗਾਂ ਤੇ ਮਹਿਕਾਂ ਭਰੀ ਜ਼ਿੰਦਗੀ ਦੀ ਥਾਂ ਜ਼ਿੰਦਗੀ ਦਾ ਦਰਪਣ ਕੌੜੀ ਹਕੀਕਤ ਦਿਖਾਉਂਦਾ ਹੋਵੇ ਪਰ ਫੇਰ ਵੀ ਉਸ ਨੇ ਤਕੜਾ ਹੋ ਕੇ ਹਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕੀਤਾ ਤੇ ਜੇਤੂ ਮੁਸਕਾਨ ਲੈ ਕੇ ਅੱਗੇ ਵਧਦਾ ਗਿਆ।

ਮਹਾਤਮਾ ਬੁੱਧ ਨੇ ਕਿਹਾ ਹੈ, 'ਜੀਵਨ ਵੀਣਾ ਦੀ ਤਰ੍ਹਾਂ ਹੈ ਜਿਸ ਨੂੰ ਸੁਰ ਵਿਚ ਕਰਨ ਲਈ ਇਸ ਦੇ ਤਾਰ ਨਾ ਤਾਂ ਜਿਆਦਾ ਕੱਸੇ ਜਾ ਸਕਦੇ ਹਨ ਤੇ ਨਾ ਘੱਟ।' ਜਸਵੰਤ ਗਿੱਲ ਸਮਾਲਸਰ ਨੇ ਵੀ ਆਪਣੀ ਜ਼ਿੰਦਗੀ ਦੇ ਸਾਜ਼ ਦੀਆਂ ਤਾਰਾਂ ਇਸ ਢੰਗ ਨਾਲ ਕੱਸੀਆਂ ਕਿ ਜ਼ਿੰਦਗੀ ਦੇ ਸਾਜ਼ ਵਿੱਚੋਂ ਹੁਣ ਮਨ ਨੂੰ ਸਕੂਨ ਦੇਣ ਵਾਲ਼ੇ ਪਹਾੜੀ ਰਾਗ ਦੇ ਮਿੱਠੇ ਸੁਰ ਵੀ ਨਿੱਕਲਦੇ ਹਨ ਤੇ ਵਿਵਸਥਾ ਤੇ ਚੋਟ ਕਰਨ ਵਾਲੇ ਸੁਰ ਵੀ ਨਿੱਕਲਦੇ ਹਨ,ਪਰ ਉਸਦੀ ਜ਼ਿੰਦਗੀ ਦੇ ਸਾਜ਼ ਵਿੱਚੋਂ ਕਦੇ ਵੀ ਦਰਬਾਰੀ ਰਾਗ ਦੇ ਸੁਰ ਨਹੀਂ ਨਿੱਕਲਦੇ।

ਉਸ ਨੇ ਗ਼ਰੀਬੀ ਭਰਿਆ ਜੀਵਨ ਬਤੀਤ ਕੀਤਾ ਹੈ, ਇਸ ਲਈ ਉਸ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਹੈ ਕਿ ਕਿਵੇਂ ਗ਼ਰੀਬੀ ਚੰਗੇ ਭਲੇ ਇਨਸਾਨ ਨੂੰ ਅੰਦਰੋਂ ਤੋੜ ਦਿੰਦੀ ਹੈ, ਤੋੜਦੀ ਹੀ ਨਹੀਂ ਬਲਕਿ ਤੋੜ ਕੇ ਚਕਨਾਚੂਰ ਕਰ ਦਿੰਦੀ ਹੈ। ਗ਼ਰੀਬੀ ਵਿੱਚ ਇਨਸਾਨ ਦਾ ਕੋਈ ਸੱਜਣ ਬੇਲੀ ਤੇ ਰਿਸ਼ਤੇਦਾਰ ਵੀ ਨਹੀਂ ਹੁੰਦਾ। ਇਸ ਲਈ ਉਹ ਆਪਣੀ ਕਵਿਤਾ ਰਾਹੀਂ ਬੁਨਿਆਦੀ ਜ਼ਰੂਰਤਾਂ ਅਤੇ ਸਹੂਲਤਾਂ ਲਈ ਦਿਨ ਰਾਤ ਇੱਕ ਕਰਨ ਵਾਲੇ ਸਮਾਜ ਦੇ ਉਸ ਤਬਕੇ ਦੀ ਗੱਲ ਕਰਦਾ ਹੈ ਜਿਹਨਾਂ ਨੂੰ ਦੇਸ ਦੇ ਰਾਜਨੀਤਿਕ ਅਤੇ ਸਮਾਜਿਕ ਸਿਸਟਮ ਦੁਆਰਾ ਨਿੱਤ ਦੀਆਂ ਲੋੜਾਂ ਤੇ ਥੁੜ੍ਹਾਂ ਮਾਰੀ ਜ਼ਿੰਦਗੀ ਜੀਣ ਲਈ ਮਜ਼ਬੂਰ ਕੀਤਾ ਗਿਆ ਹੈ। ਉਸਦਾ ਕਾਵਿਕ ਮਨ ਇਹ ਦੇਖ ਕੇ ਵਿਚਲਿਤ ਤੇ ਦੁਖੀ ਹੁੰਦਾ ਹੈ ਕਿ ਕਿਵੇਂ ਲੋਕਾਂ ਨੇ ਧਰਮ ਨੂੰ ਹਥਿਆਰ ਬਣਾ ਲਿਆ ਹੈ ਤੇ ਕਿਵੇਂ ਧਰਮ ਦੇ ਨਾਮ ਤੇ ਮਾਸੂਮ ਲੋਕ ਕਤਲ ਕੀਤੇ ਜਾ ਰਹੇ ਹਨ। ਦੇਸ ਦੀ ਅਗਵਾਈ ਕਰਨ ਵਾਲੀ ਧਿਰ ਵੀ ਅਜਿਹੇ ਮੌਕੇ ਤੇ ਮੂਕ ਦਰਸ਼ਕ ਬਣੀ ਲੰਬੀ ਚੁੱਪ ਧਾਰੀ ਰੱਖਦੀ ਹੈ। ਗ਼ਰੀਬ 'ਤੇ ਹੋ ਰਹੇ ਸਰਕਾਰੀ ਤੇ ਗ਼ੈਰ ਸਰਕਾਰੀ ਜ਼ੁਲਮਾਂ ਵਿਰੁੱਧ ਕੋਈ ਵੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸੰਗਠਨ ਵੀ ਕਿਤੇ ਕੋਈ ਸੰਘਰਸ਼ ਨਹੀਂ ਕਰਦਾ।ਚੁਫ਼ੇਰੇ ਧਰਮ ਦੇ ਨਾਮ ਤੇ ਤਰ੍ਹਾਂ-ਤਰ੍ਹਾਂ ਦੇ ਹੋ ਰਹੇ ਪਾਖੰਡ ਦੇਖ ਕੇ ਉਹ ਜਬਰਦਸਤ ਵਿਅੰਗ ਸਿਰਜਦਾ ਹੈ:-

**ਜਾਰੀ ਹੈ.........**




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਸੰਬੋਧਨੀ ਸੁਰ ਵਾਲੀ ਜੁਝਾਰਵਾਦੀ






ਹੇ ਬਾਬਾ ਨਾਨਕ !
ਤੇਰਾ ਕਿਰਤ ਕਰੋ
ਵੰਡ ਛਕੋ ਦਾ ਸਿਧਾਂਤ
ਅੱਜ ਕੱਲ੍ਹ ਗਰਮੀਆਂ ਵਿੱਚ
ਏ.ਸੀ. ਦੀ ਠੰਡੀ ਹਵਾ ਖਾਂਦਾ ਹੈ
ਠੰਢ ਨਾ ਲੱਗ ਜਾਏ
ਇਸ ਲਈ
ਸਰਦੀਆਂ ਆਉਣ ਤੋਂ ਪਹਿਲਾਂ ਹੀ
ਕਰ ਦਿੱਤਾ ਜਾਂਦੈ
ਮਖ਼ਮਲੀ ਗੱਦੇ ਤੇ ਰਜਾਈ ਦਾ ਪ੍ਰਬੰਧ

ਜਸਵੰਤ ਗਿੱਲ ਸਮਾਲਸਰ ਅਸਲ ਵਿੱਚ ਸੰਘਰਸ਼ ਨੂੰ ਪ੍ਰਣਾਇਆ ਹੋਇਆ ਚੇਤੰਨ ਮਨੁੱਖ ਹੈ। ਉਹ ਸੰਘਰਸ਼ ਦੀ ਪ੍ਰਭਾਸ਼ਾ ਸਮਝਦਾ ਹੈ ਇਸੇ ਲਈ ਉਹ ਆਪਣੀ ਕਵਿਤਾ ਰਾਹੀਂ ਆਮ ਲੋਕਾਂ ਨੂੰ ਆਪਣੇ ਧਾਰਮਿਕ,ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਹੱਕਾਂ ਪ੍ਰਤੀ ਸੁਚੇਤ ਕਰਦਿਆਂ ਸੰਘਰਸ਼ ਦਾ ਰਾਹ ਅਪਣਾਉਣ ਲਈ ਪ੍ਰੇਰਦਾ ਹੈ।ਉਹ ਜਾਣਦਾ ਹੈ ਕਿ ਸੰਘਰਸ਼ ਕਰਨ ਵਾਲਾ ਜਾਂ ਤਾਂ ਜਿੱਤਦਾ ਹੈ ਜਾਂ ਸਿੱਖਦਾ ਹੈ,ਹਾਰਦਾ ਕਦੇ ਨਹੀਂ।ਕਿਹਾ ਵੀ ਜਾਂਦਾ ਹੈ ਕਿ ਸੰਘਰਸ਼ ਵਿੱਚ ਕੁਝ ਇਨਸਾਨ ਟੁੱਟ ਕੇ ਬਿਖਰ ਜਾਂਦੇ ਨੇ ਪਰ ਕਈ ਸੰਘਰਸ਼ ਵਿਚ ਨਿੱਖਰ ਵੀ ਜਾਂਦੇ ਨੇ। ਜਸਵੰਤ ਗਿੱਲ ਸਮਾਲਸਰ ਵੀ ਸੰਘਰਸ਼ ਕਰਦਿਆਂ ਨਿੱਖਰ ਕੇ ਸਾਹਮਣੇ ਆਉਂਦਾ ਹੈ, ਤਾਂਹੀ ਤਾਂ ਉਹ ਹੋਕਾ ਦਿੰਦਾ ਹੈ ਕਿ ਹੁਣ ਵਿਹੜੇ ਵਾਲਿਆਂ,ਕੰਮੀਆਂ,ਕਿਰਤੀਆਂ,ਦਿਹਾੜੀਦਾਰਾਂ,ਕਿਸਾਨਾਂ,ਮਜ਼ਦੂਰਾਂ ਦੇ ਬੱਚੇ ਵੀ ਪੜ੍ਹ ਲਿਖ ਕੇ ਅੱਗੇ ਵੱਧ ਰਹੇ ਹਨ ਤੇ ਅਪਣਾ ਜੀਵਨ ਸੁਧਾਰ ਰਹੇ ਹਨ।

ਹੁਣ ਉਹ ਸਮਾਂ ਨਹੀਂ ਰਿਹਾ ਜਦੋਂ ਕਿਹਾ ਜਾਂਦਾ ਸੀ ਕਿ ਘਾਹੀ ਦੇ ਪੁੱਤ ਨੇ ਤਾਂ ਘਾਹ ਹੀ ਖੋਤਣਾ ਹੈ ਪੜ੍ਹ ਲਿਖ ਕੇ ਕੀ ਕਰੇਗਾ। ਉਹ ਫ਼ਖ਼ਰ ਨਾਲ਼ ਕਹਿੰਦਾ ਹੈ ਕਿ ਹੁਣ ਲੋਕ ਪੜ੍ਹ ਲਿਖ ਕੇ ਇਉਂ ਤਰੱਕੀ ਕਰ ਰਹੇ ਹਨ ਕਿ ਵੱਡੇ ਜ਼ਿੰਮੀਦਾਰਾਂ ਦੇ ਖੇਤ ਦੇ ਬੰਨੇ ਨਾਲ ਆਪਣੇ ਖੇਤ ਦਾ ਬੰਨਾ ਘੜ੍ਹਦੇ ਹਨ।

ਮੈਂ ਅਕਸਰ ਵੇਖਦਾ ਹਾਂ ਕਿ ਪੰਜਾਬੀ ਦੇ ਬਹੁਤੇ ਕਵੀ ਖੁੱਲ੍ਹੀ ਕਵਿਤਾ ਦੇ ਨਾਮ 'ਤੇ ਜ਼ਿਆਦਾਤਰ ਵਾਰਤਕ ਹੀ ਪਾਠਕ ਮੂਹਰੇ ਪਰੋਸੀ ਜਾ ਰਹੇ ਹਨ ਪਰ ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਵਿਚ ਕਾਵਿਕਤਾ ਹੈ। ਉਸ ਦੀ ਕਵਿਤਾ ਵਿਚ ਨਵਾਂਪਣ ਹੈ। ਸਮਾਜ ਦੁਆਰਾ ਮਨੁੱਖ ਤੇ ਥੋਪੇ ਮਿਥਹਾਸ ਨੂੰ ਪਾਸੇ ਕਰਦਿਆਂ ਉਹ ਅਜੋਕੇ ਸਮੇਂ ਦਾ ਯਥਾਰਥ ਪੇਸ਼ ਕਰਦਾ ਹੈ। ਉਹ ਸਮੇਂ ਦੇ ਹਾਕਮਾਂ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਅਤੇ ਬਣਦੇ ਹੱਕ ਦੇਣ ਦੀ ਆਵਾਜ਼ ਬੁਲੰਦ ਕਰਦਾ ਹੈ।ਕੁਰਸੀ ਤੇ ਬੈਠੇ ਹਾਕਮ ਨੂੰ ਉਹ ਇਹ ਕਹਿਣੋਂ ਵੀ ਗੁਰੇਜ਼ ਨਹੀਂ ਕਰਦਾ ਕਿ ਰਾਜਧਾਨੀ ਵਿਚ ਬੈਠੇ ਨੂੰ ਸੱਤਾ ਹੇਠ ਦੱਬੀ ਗ਼ਰੀਬ, ਲਾਚਾਰ ਬੇਬਸ ਅਵਾਮ ਦੀਆਂ ਚੀਖ਼ਾਂ ਤੈਨੂੰ ਨਹੀਂ ਸੁਣਨੀਆਂ ਪਰ ਜ਼ਰਾ ਰਾਜਧਾਨੀ 'ਚੋਂ ਬਾਹਰ ਨਿਕਲੋਗੇ ਤਾਂ ਹਵਾ ਦਾ ਰੁਖ਼ ਬਦਲਿਆ ਹੋਇਆ ਪਾਓਗੇ।

ਫ਼ਿਰ ਤੁਹਾਨੂੰ ਅਹਿਸਾਸ ਹੋਵੇਗਾ ਕਿ ਕਿਵੇਂ ਖੇਤਾਂ ਦੇ ਰਾਖੇ ਤੇ ਮਿੱਟੀ ਦੇ ਪੁੱਤ ਕਿਸਾਨ ਮਜ਼ਦੂਰ ਕੱਠੇ ਹੋ ਕੇ ਇਨਕਲਾਬ ਦੇ ਰਸਤੇ ਤੁਰ ਪਏ ਹਨ ਤੇ ਉਹ ਨਵਾਂ ਇਤਿਹਾਸ ਸਿਰਜ ਕੇ ਹੀ ਦਮ ਲੈਣਗੇ।

ਉਹ ਆਪਣੇ ਆਲ਼ੇ ਦੁਆਲ਼ੇ ਹੁੰਦੀਆਂ ਘਟਨਾਵਾਂ ਨੂੰ ਆਪਣੇ ਹੀ ਨਜ਼ਰੀਏ ਨਾਲ਼ ਵੇਖਦਾ,ਮਹਿਸੂਸਦਾ ਹੈ ਇਸੇ ਕਰਕੇ ਕਵਿਤਾ ਵਿਚ ਆਪਣੀ ਗੱਲ ਕਹਿਣ ਦਾ ਵੀ ਉਸ ਦਾ ਅਪਣਾ ਹੀ ਅੰਦਾਜ਼ ਹੈ।ਉਸ ਦੀ ਅਲੱਗ ਸ਼ੈਲੀ ਹੈ ਇਸ ਲਈ ਉਹ ਆਪਣੇ ਸਮਕਾਲੀ ਕਵੀਆਂ ਵਿੱਚ ਵੀ ਅਲੱਗ ਖੜ੍ਹਾ ਨਜ਼ਰ ਆਉਂਦਾ ਹੈ। ਉਸ ਦੀ ਕਵਿਤਾ ਮਰ-ਮਰ ਜਿਉਂਦੇ ਲੋਕਾਂ ਦੀ ਬਾਤ ਪਾਉਂਦੀ ਹੈ। ਸਰਲ ਤੇ ਸਪੱਸ਼ਟ ਸ਼ਬਦਾਂ ਵਿਚ ਗੱਲ ਕਹਿਣ ਦਾ ਉਸਦਾ ਹੁਨਰ ਹੀ ਉਸ ਦੀ ਕਵਿਤਾ ਦਾ ਮੀਰੀ ਗੁਣ ਹੈ ਤੇ ਇਹੀ ਉਸ ਦੀ ਕਵਿਤਾ ਦੀ ਪ੍ਰਾਪਤੀ ਵੀ ਹੋ ਨਿੱਬੜਦਾ ਹੈ।

ਪੰਜਾਬ ਵਿੱਚ ਅੱਜ ਦੋ ਤਰ੍ਹਾਂ ਦੀ ਸ਼ੈਲੀ ਵਿੱਚ ਕਵਿਤਾ ਰਚੀ ਜਾ ਰਹੀ ਹੈ, ਇਕ ਹੈ ਦਫ਼ਤਰੀ ਉੱਚ ਬੌਧਿਕ ਪੱਧਰ ਵਾਲ਼ੀ ਪੱਲੇ ਨਾ ਪੈਣ ਵਾਲੀ ਕਵਿਤਾ ਤੇ ਦੂਜੀ ਲੋਕਾਂ ਦੀ ਭਾਸ਼ਾ ਵਿਚ ਰਚੀ ਜਾਣ ਵਾਲੀ ਕਵਿਤਾ।ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਬਹੁਤੇ ਪੰਜਾਬੀ ਕਵੀਆਂ ਦੀ ਕਵਿਤਾ ਫਿਲੋਸਫ਼ੀ ਭਰਪੂਰ ਹੁੰਦੀ ਹੈ। ਕਵਿਤਾ ਰਾਹੀਂ ਉਹ ਕੀ ਕਹਿਣਾ ਚਾਹੁੰਦੇ ਹਨ ਸ਼ਾਇਦ ਉਹਨਾਂ ਨੂੰ ਖ਼ੁਦ ਵੀ ਪਤਾ ਨਾ ਚੱਲਦਾ ਹੋਵੇ ਪਰ ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਦੀ ਖ਼ਾਸੀਅਤ ਹੈ ਕਿ ਉਹ ਆਮ ਅਨਪੜ੍ਹ ਤੇ ਦਿਹਾੜੀਦਾਰ ਮਜ਼ਦੂਰ ਤਬਕੇ ਨੂੰ ਵੀ ਬੜੀ ਅਸਾਨੀ ਨਾਲ ਸਮਝ ਪੈ ਜਾਂਦੀ ਹੈ। ਕਵਿਤਾ ਦੀ ਸਿਰਜਣਾ ਵੀ ਅਜਿਹੀ ਹੋਣੀ ਚਾਹੀਦੀ ਹੈ ਕਿ ਉਹ ਹਰ ਤਰ੍ਹਾਂ ਦੇ, ਹਰ ਵਰਗ ਦੇ,ਹਰ ਉਮਰ ਦੇ ਪਾਠਕ ਨਾਲ਼ ਸਾਂਝ ਪਾਵੇ। ਜਿਹੜੀ ਸਿਰ ਖਪਾਵੇ ਉਸ ਨੂੰ ਕਵਿਤਾ ਕਹਿਣਾ ਵੀ ਕਵਿਤਾ ਦੇ ਅਪਮਾਨ ਵਰਗਾ ਲੱਗਦਾ ਹੈ।

ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਦਾ ਵਿਮੋਚਨ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਉਹ ਨਿਰਾ ਪੁਰਾ ਹੁਸਨ ਇਸ਼ਕ,ਪਿਆਰ ਮੁਹੱਬਤ, ਵਸਲ ਵਿਛੋੜੇ ਤੇ ਕਵਿਤਾ ਰਚਣ ਵਾਲਾ ਕਵੀ ਨਹੀਂ ਹੈ ਨਾ ਹੀ ਉਹ ਹੀਰਾਂ ਸੱਸੀਆਂ ਤੇ ਲੈਲਾ ਦੇ ਗੁਣਗਾਨ ਕਰਨ ਵਾਲਾ ਕਵੀ ਹੈ ਸਗੋਂ ਉਹ ਤਾਂ ਗ਼ਦਰੀ ਗੁਲਾਬ ਕੌਰ ਵਰਗੇ ਸੰਘਰਸ਼ ਦੀ ਝਲਕ ਦੇਖਣ ਦਾ ਚਾਹਵਾਨ ਕਵੀ ਹੈ। ਉਹ ਤਾਂ ਚਾਹੁੰਦਾ ਹੈ ਕਿ ਪੰਜਾਬਣਾਂ ਜ਼ੁਲਮ ਵਿਰੁੱਧ ਹਥਿਆਰ ਉਠਾ ਲੈਣ ਤੇ ਇਕ ਮਿਸਾਲ ਕਾਇਮ ਕਰਨ।

ਮਿਥਹਾਸ ਤੇ ਇਤਿਹਾਸ ਨੂੰ ਵੀ ਉਹ ਆਪਣੀ ਐਨਕ ਰਾਹੀਂ ਵੇਖਦਾ ਹੈ ਇਸੇ ਲਈ ਖ਼ੂਬਸੂਰਤੀ ਅਤੇ ਪਿਆਰ ਦੇ ਪ੍ਰਤੀਕ ਵਜੋਂ ਪ੍ਰਚਾਰਿਆ ਜਾਂਦਾ ਤਾਜ ਮਹਿਲ ਵੀ ਉਸ ਨੂੰ ਖ਼ੂਬਸੂਰਤੀ ਤੇ ਮੁਹੱਬਤ ਦੀ ਨਿਸ਼ਾਨੀ ਦੇ ਵਜਾਏ ਮਜ਼ਦੂਰਾਂ 'ਤੇ ਹੋਏ ਜ਼ੁਲਮ ਦਾ ਪ੍ਰਤੀਕ ਨਜ਼ਰ ਆਉਂਦਾ ਹੈ। ਉਸ ਨੂੰ ਓਥੇ ਪਿਆਰ ਦੇ ਗੀਤਾਂ ਦੀ ਵਜਾਏ ਹੱਥ ਕੱਟੇ ਜਾਣ ਤੇ ਮਜ਼ਦੂਰਾਂ ਦੀਆਂ ਚੀਖ਼ਾਂ ਸੁਣਦੀਆਂ ਹਨ।

ਏਥੇ ਮੈਨੂੰ ਮੇਰੀ ਗ਼ਜ਼ਲ ਦਾ ਇਕ ਸ਼ਿਅਰ ਯਾਦ ਆਉਂਦਾ ਹੈ:-

ਸਭ ਨੂੰ ਤਾਜ ਮਹਿਲ ਇਹ ਭਾਵੇਂ ਪਿਆਰ ਨਿਸ਼ਾਨੀ ਲੱਗਦਾ ਹੈ।
ਮਜ਼ਦੂਰਾਂ 'ਤੇ ਜ਼ੁਲਮ ਦੀ ਮੈਨੂੰ ਯਾਦ ਪੁਰਾਣੀ ਲੱਗਦਾ ਹੈ।

ਜਾਰੀ ਹੈ.........




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਸੰਬੋਧਨੀ ਸੁਰ ਵਾਲੀ ਜੁਝਾਰਵਾਦੀ






ਪੰਜਾਬ ਵਿੱਚ ਸ਼ੁਰੂ ਤੋਂ ਹੀ ਹੀਰ ਰਾਂਝਾ,ਸੱਸੀ ਪੁੰਨੂੰ,ਲੈਲਾ ਮਜਨੂੰ,ਸੀਰੀ ਫ਼ਰਹਾਦ,ਸੋਹਣੀ ਮਹੀਂਵਾਲ ਦੇ ਕਿੱਸੇ ਲੋਕ ਉੱਚੀ-ਉੱਚੀ ਹੇਕਾਂ ਲਾ ਕੇ ਗਾਉਂਦੇ ਰਹੇ ਹਨ। ਜਸਵੰਤ ਗਿੱਲ ਸਮਾਲਸਰ ਨੂੰ ਉਦੋਂ ਇਹ ਲੋਕ ਦੋਗਲੇ ਨਜ਼ਰ ਆਉਂਦੇ ਹਨ ਜਦੋਂ ਇਹ ਆਪਣੇ ਘਰ ਹੀਰ ਜੰਮਣ ਤੇ ਪਿੱਟ ਉੱਠਦੇ ਹਨ। ਅਜਿਹੇ ਦੋਹਰੇ ਵਰਤਾਰੇ ਨੂੰ ਵੇਖ ਕੇ ਉਹ ਤਿੱਖਾ ਪ੍ਰਤੀਕਰਮ ਦਿੰਦਾ ਹੈ:-

ਏਥੇ ਪੁੱਤ ਦੇ ਪਿਆਰ ਉੱਤੇ
ਮਾਣ ਮਹਿਸੂਸ ਕੀਤਾ ਜਾਂਦਾ ਹੈ
ਧੀ ਦੀ ਪਸੰਦ ਵਾਰੀ
ਗੱਲ ਅਣਖ ਉੱਪਰ ਆ ਪਹੁੰਚਦੀ ਆ
ਇੱਜ਼ਤਾਂ ਵਾਲਾ ਫ਼ੋਕਾ ਦਿਖਾਵਾ
ਨਿਗਲ਼ ਲੈਂਦਾ ਹੈ ਉਸਦੇ ਚਾਵਾਂ ਨੂੰ

ਚੱਲ ਰਹੀਆਂ ਗ਼ਲਤ ਪ੍ਰੰਪਰਾਵਾਂ, ਵਿਸੰਗਤੀਆਂ ਵਿਰੁੱਧ ਹੋਕਾ,ਬਗਾਵਤੀ ਸੁਰ ਹੀ ਉਸ ਦੀ ਕਵਿਤਾ ਦਾ ਕੇਂਦਰੀ ਧੁਰਾ ਬਣਦਾ ਹੈ। ਸੰਤਾਲੀ 'ਚ ਮਿਲ਼ੀ ਅਜ਼ਾਦੀ ਉਸ ਨੂੰ ਖੋਖਲੀ ਦਿਸਦੀ ਹੈ। ਉਹ ਅਜ਼ਾਦੀ ਨੂੰ ਪੰਜਾਬ ਦੀ ਵੰਡ ਵਜੋਂ ਵੇਖਦਾ ਹੈ ਤੇ ਉਸ ਨੂੰ ਵੰਡ ਵੇਲ਼ੇ ਦਸ ਲੱਖ ਪੰਜਾਬੀਆਂ ਦੇ ਮਾਰੇ ਜਾਣ ਦਾ ਵੀ ਡਾਹਢਾ ਦੁੱਖ ਲੱਗਦਾ ਹੈ।ਅਜ਼ਾਦੀ ਮਗਰੋਂ ਮੁੜ ਪੰਜਾਬ ਦੀ ਵੰਡ ਕੀਤੇ ਜਾਣ ਤੇ ਉਹ ਇਉਂ ਮਹਿਸੂਸ ਕਰਦਾ ਹੈ ਕਿ ਜਿਵੇਂ ਕਿਸੇ ਦੇ ਸਰੀਰ ਦਾ ਕੋਈ ਅੰਗ ਉਸ ਤੋਂ ਧੱਕੇ ਨਾਲ ਕੱਟ ਦਿੱਤਾ ਗਿਆ ਹੋਵੇ ਪਰ ਫੇਰ ਵੀ ਉਹ ਬਚੇ ਖੁਚੇ ਪੰਜਾਬ ਦੀ ਤਰੱਕੀ ਲੋਚਦਾ ਹੈ ਤੇ ਚਾਹੁੰਦਾ ਹੈ ਕਿ ਮਾਂ ਬੋਲੀ ਪੰਜਾਬੀ ਦੀ ਮਹਿਕ ਚੁਫ਼ੇਰੇ ਫ਼ੈਲਦੀ ਰਹੇ।

ਉਸ ਦੀਆਂ ਕਵਿਤਾਵਾਂ ਮਰਦ, ਅਸ਼ਲੀਲਤਾ,ਕ੍ਰਾਂਤੀ ਦਾ ਝੰਡਾ,ਜਿਸਮ ਦਾ ਆਕਾਰ,ਰਾਮ ਭਗਵਾਨ ਤੇ ਈਸ਼ਵਰ, ਪੈੱਨ,ਐਲਾਨ,ਕਾਮਰੇਡ ਕੁੜੀ, ਮੁਹੱਬਤ ਤੋਂ ਇਨਕਲਾਬ ਤਕ ,ਪੰਜਵੀਂ ਰੁੱਤ ਛੇਵਾਂ ਦਰਿਆ,ਦੋ ਲਾਸ਼ਾਂ ਵਿਸ਼ੇਸ਼ ਧਿਆਨ ਖਿੱਚਦੀਆਂ ਹਨ।

ਜਸਵੰਤ ਗਿੱਲ ਸਮਾਲਸਰ ਦਾ ਜਨਮ 17 ਮਾਰਚ 1991 ਨੂੰ ਮਾਤਾ ਸ਼੍ਰੀਮਤੀ ਬਲਵੀਰ ਕੌਰ ਅਤੇ ਪਿਤਾ ਸ.ਆਤਮਾ ਸਿੰਘ ਦੇ ਘਰ ਜ਼ਿਲ੍ਹਾ ਮੋਗਾ ਦੀ ਤਹਿਸੀਲ ਬਾਘਾਪੁਰਾਣਾ ਦੇ ਪਿੰਡ ਸਮਾਲਸਰ ਵਿਖੇ ਇੱਕ ਗ਼ਰੀਬ ਮਜ਼ਦੂਰ ਪਰਿਵਾਰ ਵਿੱਚ ਹੋਇਆ। ਵਕਤ ਨੇ ਬਚਪਨ ਤੋਂ ਹੀ ਦੁੱਖ ਤਕਲੀਫ਼ਾਂ,ਤੰਗੀਆਂ ਤੁਰਸ਼ੀਆਂ ਫ਼ਿਕਰ ਚਿੰਤਾਵਾਂ ਪਾ ਕੇ ਉਸ ਦਾ ਝੋਲ਼ਾ ਭਰ ਦਿੱਤਾ। ਚਾਰ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਜਸਵੰਤ ਗਿੱਲ ਸਮਾਲਸਰ ਨੇ ਸੱਤਵੀਂ ਤੱਕ ਪਿੰਡ ਦੇ ਹੀ ਸਰਕਾਰੀ ਪ੍ਰਾਇਮਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜ੍ਹਾਈ ਕੀਤੀ।ਅੱਠਵੀਂ ਤੋਂ ਦੱਸਵੀਂ ਭਾਈ ਦਰਬਾਰੀ ਦਾਸ ਪਬਲਿਕ ਸਕੂਲ ਵੈਰੋਕੇ ਵਿਖੇ ਕੀਤੀ।ਗਿਆਰਵੀਂ ਅਤੇ ਬਾਰਵੀਂ ਗੁਰੂ ਤੇਗ ਬਹਾਦਰ ਗੜ੍ਹ ਰੋਡੇ ਤੋਂ ਕਰ ਕੇ ਬੀ.ਏ. ਕਰਨ ਲਈ ਉਸ ਨੇ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਖੇ ਦਾਖਲਾ ਲਿਆ ਪਰ 2011 ਵਿੱਚ ਆਈ ਪੰਜਾਬ ਪੁਲਿਸ ਦੀ ਭਰਤੀ ਵਿੱਚ ਜਦ ਉਸ ਨੇ ਭਰਤੀ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਸ ਤੋਂ ਰਿਸ਼ਵਤ ਦੀ ਕੀਤੀ ਗਈ ਮੰਗ ਨੇ ਉਸਨੂੰ ਪੜ੍ਹਾਈ ਨਾਲੋਂ ਹੀ ਨਹੀਂ ਸਗੋਂ ਅੰਦਰੋਂ ਵੀ ਤੋੜ ਦਿੱਤਾ ਤੇ ਉਹ ਬੀ.ਏ. ਵਿੱਚੇ ਛੱਡ ਕੇ ਹੀ ਮੁੜ ਆਪਣੇ ਰਾਜ ਮਿਸਤਰੀ ਦੇ ਕੰਮ ਵਿੱਚ ਲੱਗ ਗਿਆ। ਕੁਝ ਸਾਲਾਂ ਬਾਅਦ ਈ.ਟੀ.ਟੀ. ਵਿੱਚ ਲਾਲਾ ਲਾਜਪਤ ਰਾਏ ਕਾਲਜ ਆਫ਼ ਐਜੂਕੇਸ਼ਨ ਢੁੱਡੀਕੇ ਵਿਖੇ ਦਾਖਲਾ ਲੈ ਲਿਆ ਪਰ ਉਹ ਵੀ ਕਿਸੇ ਕਾਰਨ ਵਿਚਾਲੇ ਹੀ ਛੱਡ ਦਿੱਤੀ।

ਮਜ਼ਦੂਰ ਪਰਿਵਾਰ ਵਿੱਚ ਪੈਦਾ ਹੋਣ ਕਰਕੇ ਉਸਨੂੰ ਗ਼ਰੀਬੀ ਤੇ ਗ਼ਰੀਬ ਪਰਿਵਾਰ ਦੀ ਜ਼ਿੰਦਗੀ ਦਾ ਅਹਿਸਾਸ ਬਚਪਨ ਵਿੱਚ ਹੀ ਹੋ ਗਿਆ ਸੀ ਏਸੇ ਲਈ ਉਸ ਨੇ ਪੰਜਵੀਂ ਵਿੱਚ ਪੜ੍ਹਦੇ ਨੇ ਹੀ ਨਾਲ਼- ਨਾਲ਼ ਮਿਹਨਤ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ ਸੀ। ਕਾਲਜ ਤੱਕ ਪਹੁੰਚਦਿਆਂ ਉਹ ਰਾਜ ਮਿਸਤਰੀ ਦਾ ਕੰਮ ਕਰਨ ਲੱਗ ਗਿਆ ਸੀ ਅਤੇ ਕਈ ਵਾਰ ਕਾਲਜ ਤੋਂ ਬਾਅਦ ਤੇ ਛੁੱਟੀ ਵਾਲ਼ੇ ਦਿਨ ਉਹ ਫ਼ਰੀਦਕੋਟ ਵਿਖੇ ਹੀ ਕੰਮ ਕਰਦਾ ਰਿਹਾ। ਕਈ ਸਾਲ ਲਗਾਤਾਰ ਫ਼ਰੀਦਕੋਟ ਵਿਚ ਹੀ ਠੇਕੇਦਾਰੀ ਤੇ ਵੀ ਕੰਮ ਕੀਤਾ। ਉਹ ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਤੇ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਵੀ ਮਿਸਤਰੀ ਦਾ ਕੰਮ ਕਰਨ ਜਾਂਦਾ ਰਿਹਾ।

ਜਾਰੀ ਹੈ.........

ਹਫ਼ਤਾਵਾਰੀ ਆਨਲਾਈਨ ਮੈਗਜ਼ੀਨ
# ਅਦਬੀ ਵਿਰਾਸਤ
ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਜਸਵੰਤ ਗਿੱਲ ਸਮਾਲਸਰ ਦੀ ਕਵਿਤਾ ਸੰਬੋਧਨੀ ਸੁਰ ਵਾਲੀ ਜੁਝਾਰਵਾਦੀ






ਜ਼ਿੰਦਗੀ ਵਿੱਚ ਵਾਪਰੇ ਇੱਕ ਹਾਦਸੇ ਤੋਂ ਬਾਅਦ ਜਦ ਉਹ ਠੀਕ ਹੋਇਆ ਤਾਂ ਉਹ ਪੱਤਰਕਾਰੀ ਵੱਲ ਆ ਗਿਆ। ਉਸ ਨੇ ਪੰਜਾਬੀ ਦੇ ਕਈ ਪ੍ਰਮੁੱਖ ਅਖ਼ਬਾਰਾਂ ਦੀ ਪੱਤਰਕਾਰੀ ਕੀਤੀ। ਮਿਸਤਰੀ ਦੇ ਕੰਮ ਤੋਂ ਇਲਾਵਾ ਉਸ ਨੇ ਅਖ਼ਬਾਰ ਵੰਡਣ,ਸਾਊਂਡ ਸਿਸਟਮ (ਡੀਜੇ) ਆਦਿ ਦਾ ਕੰਮ ਵੀ ਕੀਤਾ।ਜ਼ਿੰਦਗੀ ਵਿੱਚ ਅਨੇਕ ਮੁਸੀਬਤਾ ਝੱਲਣ ਦੇ ਬਾਵਜੂਦ ਵੀ ਕਦੇ ਉਸਨੇ ਆਪਣੀ ਹਿੰਮਤ ਤੇ ਹੌਂਸਲਾ ਨਹੀਂ ਟੁੱਟਣ ਦਿੱਤਾ। ਉਹ ਜ਼ਿੰਦਗੀ ਅਤੇ ਦੁੱਖਾਂ ਮੁਸੀਬਤਾਂ ਨੂੰ ਮੂਹਰੇ ਲਾ ਕੇ ਚੱਲਦਾ ਰਿਹਾ।ਆਪਣੀ ਹਿੰਮਤ ਲਗਨ ,ਹੌਂਸਲੇ ਤੇ ਦ੍ਰਿੜ ਇਰਾਦੇ ਨਾਲ਼ ਉਸ ਨੇ ਜ਼ਿੰਦਗੀ ਵਿੱਚ ਆਈਆਂ ਪਹਾੜ ਵਰਗੀਆਂ ਮੁਸੀਬਤਾਂ ਨੂੰ ਵੀ ਤੋੜ ਕੇ ਕੰਕਰ ਕੰਕਰ ਕਰ ਦਿੱਤਾ। ਸਾਹਿਤ ਪੜ੍ਹਨ ਅਤੇ ਲਿਖਣ ਦੀ ਚੇਟਕ ਉਸ ਨੂੰ ਆਪਣੇ ਵੱਡੇ ਭਰਾ ਹੈਡਮਾਸਟਰ ਤੇ ਉੱਘੇ ਕਵੀ ਚਰਨਜੀਤ ਸਮਾਲਸਰ ਤੋਂ ਲੱਗੀ। ਉਹ ਅੱਠਵੀਂ ਵਿੱਚ ਪੜ੍ਹਦਾ ਸੀ,ਜਦ ਉਸਨੇ ਆਪਣੇ ਜਜ਼ਬਾਤ, ਭਾਵਨਾਵਾਂ ਅਤੇ ਵਲਵਲਿਆਂ ਨੂੰ ਸ਼ਬਦਿਕ ਰੂਪ ਦੇਣਾ ਸ਼ੁਰੂ ਕੀਤਾ। ਕਹਾਣੀਕਾਰ ਜਸਕਰਨ ਲੰਡੇ ਦੀ ਪ੍ਰੇਰਨਾ ਸਦਕਾ ਉਹ ਤਰਕਸ਼ੀਲ ਸੁਸਾਇਟੀ ਬਰਗਾੜੀ ਦਾ ਮੈਂਬਰ ਬਣਿਆ ਅਤੇ ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਲੱਗ ਗਿਆ। ਜਸਕਰਨ ਲੰਡੇ ਨੇ ਹੀ ਉਸ ਨੂੰ ਮਿੰਨੀ ਕਹਾਣੀ ਲਿਖਣ ਵੱਲ ਪ੍ਰੇਰਿਆ। ਇਸ ਦੇ ਨਾਲ ਹੀ ਉਹ ਸਾਹਿਤ ਸਭਾ ਬਾਘਾਪੁਰਾਣਾ ਨਾਲ ਜੁੜ ਗਿਆ ਜਿੱਥੋਂ ਉਸ ਨੇ ਇਲਾਕੇ ਦੇ ਅਨੇਕ ਉੱਘੇ ਲੇਖਕਾਂ ਤੋਂ ਸਾਹਿਤ ਬਾਰੇ ਬਹੁਤ ਕੁਝ ਸਿੱਖਿਆ। ਉਹ ਤਰਕਸ਼ੀਲ ਸੁਸਾਇਟੀ ਬਰਗਾੜੀ ਅਤੇ ਸਾਹਿਤ ਸਭਾ ਬਾਘਾਪੁਰਾਣਾ ਦਾ ਪ੍ਰੈੱਸ ਸਕੱਤਰ ਵੀ ਰਹਿ ਚੁੱਕਾ ਹੈ। ਕਵਿਤਾ ਤੇ ਗ਼ਜ਼ਲ ਦੀਆਂ ਬਰੀਕੀਆਂ ਸਿੱਖਣ ਲਈ ਉਹ ਪਹਿਲਾਂ ਉੱਘੇ ਗ਼ਜ਼ਲਗੋ ਮਰਹੂਮ ਮਹਿੰਦਰ ਸਾਥੀ ਕੋਲ ਵੀ ਕੁਝ ਦਿਨ ਜਾਂਦਾ ਰਿਹਾ। ਜਦ ਉਸ ਨੂੰ ਥੋੜ੍ਹੀ ਬਹੁਤੀ ਸਮਝ ਆਉਣ ਲੱਗੀ ਤਾਂ ਘਰ ਦੇ ਮਾੜੇ ਆਰਥਿਕ ਹਾਲਾਤ ਕਾਰਨ ਉਹ ਵਿਦੇਸ਼ ਜਾ ਕੇ ਕੰਮ ਕਰਨ ਲਈ ਮਜਬੂਰ ਹੋ ਗਿਆ। ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਹੋਣ ਕਾਰਨ ਉਹ ਵਿਦੇਸ਼ ਜਾਣ ਸਮੇਂ ਵੀ ਆਪਣੇ ਨਾਲ ਦਰਜਨਾਂ ਕਿਤਾਬਾਂ ਲੈ ਕੇ ਗਿਆ ਕਿਉਂਕਿ ਉਸ ਨੂੰ ਪਤਾ ਹੈ ਕਿ ਇਕੱਲੇ ਵਿਅਕਤੀ ਲਈ ਸਭ ਤੋਂ ਵੱਡਾ ਸਹਾਰਾ ਕਿਤਾਬਾਂ ਹੀ ਹੁੰਦੀਆਂ ਹਨ। ਪੜ੍ਹਨ ਦੇ ਨਾਲ਼-ਨਾਲ਼ ਉਸ ਨੇ ਲਿਖਣਾ ਵੀ ਜਾਰੀ ਰੱਖਿਆ। ਉਹ ਮੌਜੂਦਾ ਸਮੇਂ ਗੀਤਕਾਰ ਉਸਤਾਦ ਜਨਕ ਸੰਗਤ ਜੀ ਤੋਂ ਗੀਤਕਾਰੀ ਅਤੇ ਗ਼ਜ਼ਲ ਉਸਤਾਦ ਰਣਜੀਤ ਸਿੰਘ ਧੂਰੀ ਜੀ ਤੋਂ ਗ਼ਜ਼ਲ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਲੈਂਦਾ ਰਹਿੰਦਾ ਹੈ। ਜਸਵੰਤ ਦਾ ਮੰਨਣਾ ਹੈ ਕਿ ਇੱਕ ਨਵੇਂ ਲੇਖਕ ਨੂੰ ਵੱਧ ਤੋਂ ਵੱਧ ਪੜ੍ਹਦੇ ਤੇ ਸਿਖਦੇ ਰਹਿਣਾ ਚਾਹੀਦਾ ਹੈ ਇਸ ਲਈ ਉਸ ਨੂੰ ਜਿੱਥੋਂ ਵੀ ਸਿੱਖਣ ਦਾ ਮੌਕਾ ਮਿਲਦਾ ਉਹ ਉੱਥੇ ਜਾ ਖੜ੍ਹਦਾ ਹੈ। ਉਸ ਨੂੰ ਨਾਵਲ, ਕਵਿਤਾਵਾਂ ਪੜ੍ਹਨ ਦਾ ਵਧੇਰੇ ਸ਼ੌਕ ਹੈ।ਉਹ ਪਿੱਛਲੇ ਕਈ ਸਾਲਾਂ ਤੋਂ ਪੰਜਾਬੀ ਦੇ ਪ੍ਰਮੁੱਖ ਅਖ਼ਬਾਰਾਂ,ਰਸਾਲਿਆਂ ਵਿੱਚ ਛਪ ਰਿਹਾ ਹੈ।ਇਸ ਤੋਂ ਇਲਾਵਾ ਉਸਦੀਆਂ ਕਵਿਤਾਵਾਂ ਤੇ ਕਹਾਣੀਆਂ ਕੁਝ ਸਾਂਝੀਆਂ ਕਿਤਾਬਾਂ ਵਿੱਚ ਵੀ ਛਪ ਚੁੱਕੀਆਂ ਹਨ।2015 ਵਿੱਚ ਐੱਸ.ਕੇ.ਕਾਲਜ ਮੋਗਾ ਵੱਲੋਂ ਕਰਵਾਏ ਗਏ ਸਮਾਗਮ ਵਿਚ ਮੌਕੇ 'ਤੇ ਵਿਸ਼ਾ ਦੇ ਕੇ ਕਵਿਤਾ ਮੁਕਾਬਲੇ ਵਿੱਚ ਜਸਵੰਤ ਗਿੱਲ ਨੇ ਲਾਲਾ ਲਾਜਪਤ ਰਾਏ ਕਾਲਜ ਆਫ਼ ਐਜੂਕੇਸ਼ਨ ਢੁੱਡੀਕੇ ਵੱਲੋਂ ਭਾਗ ਲਿਆ ਅਤੇ ਵੱਖ-ਵੱਖ ਕਾਲਜਾਂ ਦੇ ਸੌ ਤੋਂ ਜ਼ਿਆਦਾ ਭਾਗੀਦਾਰਾਂ ਵਿੱਚੋਂ ਉਸ ਨੇ ਪਹਿਲਾ ਸਥਾਨ ਹਾਸਿਲ ਕਰਕੇ ਆਪਣੀ ਕਲਮ ਦਾ ਪ੍ਰਭਾਵ ਦਿਖਾਇਆ। ਇਸ ਤੋਂ ਇਲਾਵਾ ਉਸ ਦੀਆਂ ਮਿੰਨੀ ਕਹਾਣੀਆਂ ਵੀ ਕਈ ਸਾਹਿਤਕ ਮੁਕਾਬਲੇ ਜਿੱਤ ਚੁੱਕੀਆਂ ਹਨ। ਉਸ ਦੀਆਂ ਮਿੰਨੀ ਕਹਾਣੀਆਂ "ਵੋਟ ਦੀ ਤਾਕਤ" ਅਤੇ "ਦੀਵਿਆਂ ਵਾਲੀ ਦੀਵਾਲੀ" ਉਪਰ ਲਘੂ ਫਿਲਮਾਂ ਵੀ ਬਣ ਚੁੱਕੀਆਂ ਹਨ। ਕਿਸਾਨ ਅੰਦੋਲਨ ਸਮੇਂ ਉਸ ਦਾ ਲਿਖਿਆ ਗੀਤ ਕਾਫ਼ਲੇ ਵੀ ਰਿਕਾਰਡ ਹੋ ਚੁੱਕਿਆ ਹੈ। ਉਸ ਦੀਆਂ ਵੱਖ-ਵੱਖ ਕਹਾਣੀਆਂ, ਕਵਿਤਾਵਾਂ ਨੂੰ ਅਨੇਕ ਲੇਖਕਾਂ ਤੇ ਪਾਠਕਾਂ ਨੇ ਆਪਣੀ ਅਵਾਜ਼ ਦੇ ਕੇ ਯੂ ਟਿਊਬ 'ਤੇ ਵੀ ਸਾਂਝਾ ਕੀਤਾ ਹੈ। ਉਸ ਦੀ ਕਵਿਤਾ ਦੀ ਨਵੀਨਤਾ,ਸ਼ੈਲੀ ,ਸਰਲਤਾ ਸਪੱਸ਼ਟਤਾ ਕਾਰਨ ਉਸ ਦੇ ਪਾਠਕਾਂ ਦਾ ਦਾਇਰਾ 2024 ਵਿੱਚ ਆਏ ਉਸ ਦੇ ਪਹਿਲੇ ਹੀ ਕਾਵਿ ਸੰਗ੍ਰਹਿ "ਜ਼ਿੰਦਗੀ ਦੇ ਪਰਛਾਵੇਂ" ਨਾਲ਼ ਦੂਣਾ ਚੌਣਾਂ ਵਧਿਆ ਹੈ। ਉਸ ਦੇ ਪਹਿਲੇ ਕਾਵਿ ਸੰਗ੍ਰਹਿ ਨੂੰ ਪੰਜਾਬੀ ਦੇ ਨਾਮਵਰ ਤੇ ਨਵੇਂ ਕਵੀਆਂ ਦੁਆਰਾ ਖ਼ੂਬ ਪਸੰਦ ਕੀਤਾ ਗਿਆ।ਉਸ ਦੀ ਸਾਹਤਿਕ ਕਿਰਤ ਨੂੰ ਧਿਆਨ ਵਿੱਚ ਰੱਖਦਿਆਂ ਉਸ ਨੂੰ ਕਈ ਸੰਸਥਾਵਾਂ ਸਨਮਾਨਿਤ ਕਰ ਚੁੱਕੀਆਂ ਹਨ ਜਿਹਨਾਂ ਵਿਚ ਵਿਸ਼ੇਸ਼ ਤੌਰ ਤੇ ਲੋਕ ਸਾਹਿਤ ਅਕਾਦਮੀ (ਰਜਿ.)ਮੋਗਾ ਵੱਲੋਂ ਸਨਮਾਨ (2022) ਵਿੱਚ, ਵਾਲਮੀਕ ਮਜ਼ਬੀ ਸਿੱਖ ਮਹਾਸਭਾ (ਰਜਿ.)ਮੋਗਾ ਵੱਲੋਂ ਬਾਬਾ ਸਾਹਿਬ ਡਾ.ਅੰਬੇਡਕਰ ਪੁਰਸਕਾਰ 2022, ਪੰਜਾਬੀ ਗੀਤ ਕਲਾ ਮੰਚ ਪੰਜਾਬ ਵੱਲੋਂ ਸਨਮਾਨ 9 ਅਪਰੈਲ 2023 ਨੂੰ, ਉਮੀਦ ਵੈੱਲਫੇਅਰ ਸੁਸਾਇਟੀ, ਸਮਾਲਸਰ ਵੱਲੋਂ ਵਿਸ਼ੇਸ਼ ਸਨਮਾਨ ਸ਼ਾਮਿਲ ਹਨ।ਅਪ੍ਰੈਲ 2024 ਵਿੱਚ ਉਸ ਦਾ ਕਾਵਿ ਸੰਗ੍ਰਹਿ ਆਉਣ ਤੋਂ ਬਾਅਦ "ਜ਼ਿੰਦਗੀ ਦੇ ਪਰਛਾਵੇਂ" ਨੂੰ ਮਿਲੇ ਸਨਮਾਨ ਤੇ ਪੁਰਸਕਾਰ ਵੀ ਇਸ ਪ੍ਰਕਾਰ ਹਨ। ਸ਼ਹੀਦ ਭਗਤ ਸਿੰਘ ਸਾਹਿਤ ਸਭਾ ਦੋਰਾਹਾ ਵੱਲੋਂ ਵਿਸ਼ੇਸ਼ ਸਨਮਾਨ (8 ਦਸੰਬਰ 2024), ਏਕਮ ਨਜ਼ਮ ਪੁਰਸਕਾਰ 2025, ਸਿਰਜਣਾ ਅਤੇ ਸੰਵਾਦ ਸਾਹਿਤ ਸਭਾ (ਰਜਿ.) ਮੋਗਾ ਵਲੋਂ ਵਿਸ਼ੇਸ਼ ਸਨਮਾਨ (22 ਜੂਨ 2025) ਤੇ ਹੋਰ ਕਈ ਸਨਮਾਨ ਸ਼ਮਿਲ ਹਨ।

ਕਿਰਤੀਆਂ ਮਜ਼ਦੂਰਾਂ ਨਾਲ਼ ਉਹ ਆਪਣੇ ਆਪ ਨੂੰ ਹਮੇਸ਼ਾਂ ਜੁੜਿਆ ਹੋਇਆ ਮਹਿਸੂਸ ਕਰਦਾ ਹੈ ਸ਼ਾਇਦ ਇਸੇ ਲਈ ਉਹ ਆਪਣੀ ਪਲੇਠੀ ਪੁਸਤਕ ਆਪਣੇ ਮਾਂ ਬਾਪ ਬਲਬੀਰ ਕੌਰ ਅਤੇ ਆਤਮਾ ਸਿੰਘ ਗਿੱਲ ਤੇ ਵੱਡੇ ਭਰਾ ਗੋਬਿੰਦ ਸਿੰਘ ਗਿੱਲ ਦੇ ਸਿਰੜ ਤੇ ਮਿਹਨਤ ਦੇ ਨਾਲ਼-ਨਾਲ਼ ਕੁੱਲ ਦੁਨੀਆਂ ਦੇ ਕਿਰਤੀ ਕਾਮਿਆਂ ਦੇ ਨਾਮ ਸਮਰਪਣ ਕਰਦਾ ਹੈ।



ਜਗਦੀਸ਼ ਰਾਣਾ
79862 07849

ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।




"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"




E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212

ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ




ਅੰਕ 08 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ , ਓਵਰਸੀਜ਼ ਦਫ਼ਤਰ ਕੈਲਗਰੀ , ਕਨੇਡਾ

ਲ. ਨੰ. 455- 537, ਸਥਾਪਨਾ. ਦਸੂਹਾ, 19/07/2026 ਦਿਨ ਐਤਵਾਰ (ਨਾਨਕਸ਼ਾਹੀ ਸੰਮਤ 4ਸਾਵਣ 558) adbivirsat@gmail.com


## ਗ਼ਜ਼ਲ

ਗੂੰਗਿਆਂ ਤੇ ਬੋਲਿਆਂ ਜਦ ਮਾਰੀ ਦਹਾੜ ਬੀਬਾ।
ਪੈਰਾਂ ਦੀ ਰੇਤ ਵੇਖੀਂ, ਬਣਦੀ ਪਹਾੜ ਬੀਬਾ।

ਬੋਲ਼ੀ ਹੈ ਇਹ ਅਦਾਲਤ, ਅੰਨ੍ਹਾ ਕਨੂੰਨ ਇਸਦਾ,,
ਖਾਂਦੀ ਹੈ ਦੋਵੇਂ ਹੱਥੀਂ ਖੇਤਾਂ ਨੂੰ ਵਾੜ ਬੀਬਾ।

ਥਾਂ ਥਾਂ 'ਤੇ ਲਾਉਣ ਟੀਕੇ,ਕੋਈ ਵੀ ਥਾਂ ਨਾ ਛੱਡੀ,
ਮਰਦੇ ਨੇ ਤੇਰੇ ਪੁੱਤਰ,ਲੱਭਦੀ ਨਾ ਨਾੜ ਬੀਬਾ।

ਕੁਰਸੀ ਦੀ ਦੌੜ ਅੰਦਰ,ਮੋਈ ਜ਼ਮੀਰ ਵਾਲੇ,
ਊਸ਼ਾ ਤੇ ਮਿਲਖਾ ਸਿੰਘ ਨੂੰ,ਦਿੰਦੇ ਪਛਾੜ ਬੀਬਾ।

ਤੱਕ ਸਾਹਮਣੇ ਸ਼ਿਕਾਰੀ,ਪੰਛੀ ਪਿਆ ਹੈ ਸੋਚੀਂ,
ਬਚਣਾਂ ਕਿਵੇਂ ਹੈ ਉਸ ਤੋਂ, ਲਾਉਂਦੈ ਜੁਗਾੜ ਬੀਬਾ।

ਉਸ ਦਾ ਇਹ ਲੋਕਤੰਤਰ, ਬਣਿਆਂ ਹੈ ਜੋਕਤੰਤਰ,
ਮੂੰਹੋਂ ਧੁਨੰਤਰਾਂ ਦੇ ਆਉਂਦੀ ਹਵਾੜ ਬੀਬਾ।

ਸੂਲਾਂ ਦੇ ਵਾਂਗ ਚੁੱਭਦੀ, ਪੈਰੀਂ ਵਿਦੇਸ਼ ਮਿੱਟੀ,
ਟ੍ਰੈਕਟਰ ਸਣੇ ਵਿਕੇ ਨੇ , ਚਾਰੇ ਸਿਹਾੜ ਬੀਬਾ।

ਨਾ ਬਣ ਕਿਸੇ ਦਾ ਸਜਣਾ,ਅਪਣਾ ਨਾ ਕਹਿ ਕਿਸੇ ਨੂੰ,
ਹੈ ਚੀਕਣੀ ਇਹ ਦੁਨੀਆ,ਡੇਗੇ ਪਿਛਾੜ ਬੀਬਾ।

ਲਿਖਦਾ 'ਪਵਨ' ਹੈ ਜਿੱਦਾਂ, ਓਦਾਂ ਲਿਖਣ ਦਵੇ ਜੀ,
ਦੇ ਦੇ ਕੇ ਮੱਤਾਂ ਕਾਹਤੋਂ ਪਾਵੇਂ ਵਿਗਾੜ ਬੀਬਾ।




## ਗ਼ਜ਼ਲ

ਕਲਮ ਮੇਰੀ ਕਿਰਤੀਆਂ ਨੂੰ ਕਹਿ ਰਹੀ ਹੈ ਦੋਸਤੋ
ਕਿਰਤੀਆਂ ਦੇ ਦਰਦ ਨੂੰ ਵੀ ਸਹਿ ਰਹੀ ਹੈ ਦੋਸਤੋ

ਸਾਮਰਾਜੀ ਸ਼ਕਤੀਆਂ ਦਾ ਅੰਤ ਨਹੀਂ ਹੁਣ ਬਹੁਤ ਦੂਰ
ਕਿਰਤ ਸ਼ਕਤੀ ਜਾਲਮਾਂ ਨਾਲ ਖਹਿ ਰਹੀ ਹੈ ਦੋਸਤੋ

ਮਹਿਲਾਂ ਵੱਲ ਨੂੰ ਤੁਰ ਪਏ ਨੇ ਝੁੱਗੀਆਂ ਚੋਂ ਕਾਫ਼ਲੇ
ਰਾਜਸ਼ਾਹੀ ਧੌਂਸ ਦੀ ਨਾ ਸਹਿ ਰਹੀ ਹੈ ਦੋਸਤੋ

ਚਾਨਣ ਦੀ ਲੀਕ ਤੋਂ ਡਰਦਾ ਹਨ੍ਹੇਰਾ ਹੈ ਸਦਾ
ਧਰਮ ਨਾਲ ਹੁਣ ਰਾਜਨੀਤੀ ਰਹਿ ਰਹੀ ਹੈ ਦੋਸਤੋ

ਬੇਈਮਾਨੀ , ਝੂਠ, ਠੱਗੀ , ਲਾਰਿਆਂ ਦਾ ਰਾਜ ਹੈ
ਪਾਪ ਦੀ ਜੰਞ ਕੁਰਸੀਆਂ ਤੇ ਬਹਿ ਰਹੀ ਹੈ ਦੋਸਤੋ

ਲਹਿਰ ਬਣ ਉਭਰੋ ਧਰਤ ਚੋਂ ਸੋਨਾ ਉਗਲਣ ਵਾਲਿਓ
ਰੋਕੋ, ਜੋ ਰੱਤ ਮਜ਼ਦੂਰ ਦੀ , ਹੁਣ ਵਹਿ ਰਹੀ ਹੈ ਦੋਸਤੋ

ਮਰਮਰੀ ਮਹਿਲਾਂ ਦੇ ਗੁੰਬਦ , ਗਰਦਸ਼ਾਂ ਵਿਚ ਗ਼ਰਕ ਨੇ
ਮੰਦਰ ਮਸਜਿਦ ਚੇਤਿਆਂ ਚੋਂ, ਢਹਿ ਰਹੀ ਹੈ ਦੋਸਤੋ ।




## ਗ਼ਜ਼ਲ

ਮੱਥਾ,ਨੱਕ ਘਸਾਵਾਂ ਕਿੱਥੇ?
ਤੈਨੂੰ ਮੰਗਣ ਜਾਵਾਂ ਕਿੱਥੇ?

ਦਿਲ ਤਾਂ ਛੋਟਾ ਟੁਕੜਾ ਹੈ ਇੱਕ,
ਐਨਾ ਦਰਦ ਲੁਕਾਵਾਂ ਕਿੱਥੇ ?

ਤੈਨੂੰ ਤੱਕਿਆਂ ਹੀ ਜੋ ਮਿਲਦਾ,
ਚੈਨ ਉਹ ਦਿਲ ਦਾ ਪਾਵਾਂ ਕਿੱਥੇ ?

ਪਲਕਾਂ ਉੱਤੇ ਰੱਖਿਆ ਤੈਨੂੰ,
ਦੱਸ ਮੈਂ ਹੋਰ ਬਿਠਾਵਾਂ ਕਿੱਥੇ ?

ਮਨ ਮੰਦਿਰ ਤਸਵੀਰ ਹੈ ਤੇਰੀ,
ਸਿਰ ਮੈਂ ਹੋਰ ਝੁਕਾਵਾਂ ਕਿੱਥੇ ?

ਪੰਛੀ ਗੀਤ ਮੁਹੱਬਤੀ ਗਾਉਂਦੇ,
ਬਿਰਹੋਂ ਗੀਤ ਮੈਂ ਗਾਵਾਂ ਕਿੱਥੇ ?

ਜੜ,ਪੱਤੇ, ਫੁੱਲ ਸਾਰੇ ਸੁੱਕ ਗਏ,
ਦਿਲ ਨੂੰ ਪੁੱਟ ਕੇ ਲਾਵਾਂ ਕਿੱਥੇ ?

ਹਰ ਪਾਸੇ ਹੈ ਸਾੜਾ 'ਜੀਵਨ',
ਮੋਹ ਦੀ ਫ਼ਸਲ ਉਗਾਵਾਂ ਕਿੱਥੇ?




## ਨਾਰੀ ਦੀ ਪਹਿਚਾਣ

ਤੂੰ ਪਾਪਾ ਦੀ ਪਰੀ ਨਹੀਂ,
ਉਸਦੇ ਸਿਰ ਦਾ ਤਾਜ਼ ਐਂ।

ਤੂੰ ਆਗਰੇ ਦੀ ਮੁਮਤਾਜ਼ ਨਹੀਂ,
ਲਕਸ਼ਮੀ ਬਾਈ ਜਿਹਾ ਇਤਿਹਾਸ ਐਂ।

ਤੂੰ ਗੀਤ ਗਾਣਿਆਂ ਦੀ ਬੋਤਲ ਨਹੀਂ,
ਸਵੈ ਮਾਨ ਦੀ ਆਵਾਜ਼ ਐਂ।

ਤੂੰ ਕਿਸੇ ਤੇ ਕੋਈ ਬੋਝ ਨਹੀਂ,
ਪਰਿਵਾਰ ਦਾ ਆਧਾਰ ਐਂ।

'ਨੀਤਿਕਾ' ਕਹੇ ਤੂੰ ਸਿਰਫ਼ ਇੱਕ ਨਾਮ ਨਹੀਂ,
ਨਵੇਂ ਬਦਲਾਅ ਦੀ ਸ਼ੁਰੂਆਤ ਐਂ।




## ਹੜ੍ਹਾਂ ਦਾ ਝੱਖੜ

ਦੁੱਖਾਂ ਤੇ ਦੁੱਖ ਟੁੱਟੀ ਜਾਵਣ
ਫੱਟਾਂ ਤੇ ਲੂਣ ਭੁੱਕੀ ਜਾਵਣ

ਕੇਹੀ ਰੱਬਾ ਤੂੰ ਰੁੱਤ ਬਨਾਈ
ਸੌਣ ਭਾਦੋਂ ਨੇ ਝੜੀ ਲਗਾਈ

ਪਾਣੀ ਏਥੇ ਹੜ ਬਣਕੇ ਆਇਆ
ਡਾਢਾ ਲੋਕਾਂ ਤੇ ਕਹਿਰ ਕਮਾਇਆ

ਰੁੜ੍ਹ ਗਏ ਡੰਗਰ ਵੱਛੇ ਸਾਰੇ
ਪੀੜਤ ਰੋਂਦੇ ਫਿਰਨ ਵਿਚਾਰੇ

ਰੰਗਲੀ ਕੋਠੀ ਚੁਬਾਰੇ ਰੁੜ੍ਹ ਗਏ
ਕਈਆਂ ਦੇ ਆਪਣੇ ਪਿਆਰੇ ਰੁੜ੍ਹ ਗਏ

ਕੀ ਰੱਬਾ ਤੇਰੇ ਮੰਨ ਨੂੰ ਭਾਇਆ
ਮੰਦ ਭਾਗਾ ਕਿਉਂ ਸਮਾਂ ਲਿਆਇਆ

ਹੜ੍ਹਾਂ ਦਾ ਝੱਖੜ ਜਦ ਵੀ ਝੁੱਲੂ
ਜਸਵੀਰ ਸਮਾਂ ਇਹ ਕਦੇ ਨਾ ਭੁੱਲੂ




## ਕਿਵੇਂ ਹੋਵੇਗਾ ਘਾਟਾ ਪੂਰਾ

ਜ਼ਿੰਦਗੀ ਬਹੁਤ ਛੋਟੀ ਹੈ,ਜ਼ਿੰਮੇਵਾਰੀ ਬੜੀ ਵੱਡੀ ਹੈ।
ਕਿਵੇਂ ਹੋਵੇਗਾ ਘਾਟਾ ਪੂਰਾ,ਗੱਪਾਂ ਮਾਰ ਜੋ ਕੱਢੀ ਹੈ।

ਤਿੰਨ ਮਾਵਾਂ ਦਾ ਕਰਜ਼ ਜੋ,ਬੰਦਿਆ ਤੂੰ ਉਤਾਰਨਾ ਹੈ।
ਕਿਸ਼ਤ ਜੇ ਨਾ ਮੋੜੀ ਗਈ,ਸੂਦ ਨੇ ਤੈਨੂੰ ਉਜਾੜਨਾ ਹੈ।
ਐਵੇਂ ਉਡਿਆ ਫਿਰਦੋਂ ਏਂ,ਥੱਲੇ ਨਾ ਲਗਦੀ ਅੱਡੀ ਹੈ।
ਕਿਵੇਂ ਹੋਵੇਗਾ ਘਾਟਾ............।

ਅਮਲਾਂ ਉਤੇ ਜ਼ੋਰ ਤੂੰ ਲਾ ਦੇ,ਗੱਲਾਂ ਵਿੱਚ ਨਾ ਸਾਰੀ ਜਾ।
ਸਮਾਜ ਦੀ ਸੇਵਾ ਕਰਕੇ ਬੰਦੇ,ਜੀਵਨ ਨੂੰ ਤੂੰ ਸੰਵਾਰੀ ਜਾ।
ਸੁਬਹ ਦਾ ਭੁੱਲਾ ਸ਼ਾਮੀਂ ਆ ਜੇ,ਮਿਲੇ ਮੁਆਫ਼ੀ ਵੱਡੀ ਹੈ।
ਕਿਵੇਂ ਹੋਵੇਗਾ ਘਾਟਾ ਪੂਰਾ...........।

ਸੱਭੇ ਜੀਆਂ ਨੂੰ ਨਾਲ ਲੈ ਕੇ,ਧਰਤੀ ਮਾਂ ਦਾ ਕਰਜ਼ਾ ਲਾਹ।
ਮਾਂ ਬੋਲੀ ਕਿਤੇ ਰੁੱਸ ਨਾ ਜਵੇ,ਏਹਦਾ ਵੀ ਤੂੰ ਮਾਣ ਵਧਾ।
ਜੱਗ ਵਿਖਾਣ ਵਾਲ਼ੀ ਮਾਂ ਵੀ ਬੰਦਿਆ ਤੂੰ ਵਿਸਾਰ ਛੱਡੀ ਹੈ।
ਕਿਵੇਂ ਹੋਵੇਗਾ ਘਾਟਾ ਪੂਰਾ...........।

ਹਿੰਮਤ ਕਰਕੇ ਟੁੱਟੀਆਂ ਕਿਸ਼ਤਾਂ,ਸੱਭੇ ਹੀ ਛੇਤੀ ਭਰਦੇ ਤੂੰ।
'ਤਲਵੰਡੀ'ਵਾਲੇ ਨੂੰ ਨਾਲ਼ ਲੈ ਕੇ,ਦਿਨ ਰਾਤ ਇਕ ਕਰਦੇ ਤੂੰ।
'ਅਮਰੀਕ'ਦੁਨੀਆਂ ਆਪੇ ਆਖੂ,ਜਿੱਤ ਦੀ ਝੰਡੀ ਗੱਡੀ ਹੈ।
ਕਿਵੇਂ ਹੋਵੇਗਾ ਘਾਟਾ ਪੂਰਾ.........।




## ਹੁਣ ਲਗਦਾ

ਹੁਣ ਲੱਗਦਾ ਅਗਲੀ ਪੀੜ੍ਹੀ ਨੂੰ,
ਕੋਈ ਕਦਮ ਵਧਾਉਣਾ ਪੈਣਾ ਏ

ਦਿਨ ਵਿੱਚ ਡੁੱਬ ਗਏ ਸੂਰਜ ਨੂੰ,
ਮੁੜ ਫਿਰ ਚੜ੍ਹਾਉਣਾ ਪੈਣਾ ਏ।
ਨਸ਼ਿਆ 'ਚ ਡੁੱਬੀ ਜਵਾਨੀ ਨੂੰ,
ਕੱਢ ਬਾਹਰ ਲਿਆਉਣਾ ਪੈਣਾ ਏ।
ਹੁਣ ਲੱਗਦਾ ਅਗਲੀ ਪੀੜ੍ਹੀ ਨੂੰ,
ਕੋਈ ਕਦਮ ਵਧਾਉਣਾ ਪੈਣਾ ਏ

ਲੀਹ ਤੋਂ ਲਹਿ ਗਏ ਆਗੂਆਂ ਨੂੰ,
ਕੋਈ ਸਬਕ ਸਿਖਾਉਣਾ ਪੈਣਾ ਏ।
ਸੌਂ ਚੁੱਕੀ ਅਲਖ ਇਨ੍ਹਾਂ ਦੀ ਨੂੰ,
ਮੁੜ ਫੇਰ ਜਗਾਉਣਾ ਪੈਣਾ ਏ।
ਹੁਣ ਲੱਗਦਾ ਅਗਲੀ ਪੀੜ੍ਹੀ ਨੂੰ,
ਕੋਈ ਕਦਮ ਵਧਾਉਣਾ ਪੈਣਾ ਏ।

ਸਰਹੱਦ ਤੇ ਲੜਦੇ ਸੂਰਿਆਂ ਦਾ,
ਹੁਣ ਪੱਖ ਪਗਾਉਣਾ ਪੈਣਾ ਏ।
ਜਨ ਦੀ ਰਾਖੀ ਕਰਦਿਆਂ ਦਾ,
ਹੁਣ ਮਾਣ ਵਧਾਉਣਾ ਪੈਣਾ ਏ।
ਹੁਣ ਲੱਗਦਾ ਅਗਲੀ ਪੀੜ੍ਹੀ ਨੂੰ,
ਕੋਈ ਕਦਮ ਵਧਾਉਣਾ ਪੈਣਾ ਏ।

ਧੀਆਂ ਦੀ ਲੁੱਟ ਰਹੀ ਪੱਤ ਨੂੰ,
ਹਰ ਹਾਲ ਬਚਾਉਣਾ ਪੈਣਾ ਏ।
ਸਮਾਜ ਚੋ ਕੱਢ ਦਰਿੰਦਿਆਂ ਨੂੰ,
ਫੜ ਫਾਹੇ ਲਾਉਣਾ ਪੈਣਾ ਏ।
ਹੁਣ ਲੱਗਦਾ ਅਗਲੀ ਪੀੜ੍ਹੀ ਨੂੰ,
ਕੋਈ ਕਦਮ ਵਧਾਉਣਾ ਪੈਣਾ ਏ।

ਜਾਤਾਂ ਦੇ ਚੱਕਰ ਪਾਉਂਦਿਆਂ ਨੂੰ,
ਧਰਮਾਂ ਵਿੱਚ ਉਲਝਾਉਂਦਿਆਂ ਨੂੰ।
ਉੱਲੂ ਆਪਣਾ ਸਿੱਧਾ ਕਰਦਿਆਂ ਨੂੰ,
ਸਿੱਧੇ ਰਾਹ ਤੇ ਪਾਉਣਾ ਪੈਣਾ ਏ।
ਹੁਣ ਲੱਗਦਾ ਅਗਲੀ ਪੀੜ੍ਹੀ ਨੂੰ,
ਕੋਈ ਕਦਮ ਵਧਾਉਣਾ ਪੈਣਾ ਏ।

ਟੱਲੇਵਾਲੀਆ ਹੁਣ ਅੱਤ ਹੋ ਗਈ,
ਧਰਤੀ ਮਾਨੋ ਨਰਕ ਹੋ ਗਈ।
ਕਿਸੇ ਵੀ ਹੱਦ ਤੱਕ ਜਾਕੇ ਹੁਣ,
ਇਹ ਕੋਹੜ ਮੁਕਾਉਣਾ ਪੈਣਾ ਏ।
ਹੁਣ ਲੱਗਦਾ ਅਗਲੀ ਪੀੜ੍ਹੀ ਨੂੰ,
ਕੋਈ ਕਦਮ ਵਧਾਉਣਾ ਪੈਣਾ ਏ।




## ਪਿੰਡ ਦੀਆਂ ਜੂਹਾਂ

ਅੱਖੀਆਂ ਨੂੰ ਮੀਟ ਯਾਦਾਂ ਆਉਣ ਖੁੱਲ੍ਹਮ ਖੁੱਲ੍ਹੀਆਂ,
ਪਿੰਡ ਦੀਆਂ ਜੂਹਾਂ ਮੈਨੂੰ ਕਦੇ ਵੀ ਨੀ ਭੁੱਲੀਆਂ।

ਸੂਤ ਵਾਲ਼ਾ ਮੰਜਾ ਬਾਪੂ ਵਿਹੜੇ ਵਿੱਚ ਡਾਹੁੰਦਾ ਸੀ।
ਮੀਣੇ ਅਤੇ ਬੱਗੇ ਨੂੰ ਉਹ ਦੇਖ-ਦੇਖ ਜਿਉਂਦਾ ਸੀ।
ਆਪ ਲੈਂਦਾ ਖੇਸ ਪਾਉਂਦਾ ਉਹਨਾਂ ਉੱਤੇ ਝੁੱਲੀਆਂ,
ਪਿੰਡ ਦੀਆਂ ਜੂਹਾਂ...

ਦੇਖਦੇ ਹੀ ਦੇਖਦੇ ਸਬ੍ਹਾਤ ਕਦੋਂ ਢਹਿ ਗਈ,
ਬੈਠਕ ਵੀ ਖੋਲ਼ਿਆਂ ਦੇ ਖਾਤੇ ਵਿੱਚ ਪੈ ਗਈ।
ਕੋਠੀਆਂ ਦਾ ਰੂਪ ਧਾਰ ਬਹਿਗੀਆਂ ਨੇ ਕੁੱਲੀਆਂ,
ਪਿੰਡ ਦੀਆਂ ਜੂਹਾਂ....

ਖੇਤ ਉਹ ਕਪਾਹ ਦੇ ਜਦੋਂ ਫੁੜਕਣ ਫੁੱਟੀਆਂ,
ਨਾਨਕੇ ਬਿਤਾਉਂਦੇ ਰਹੇ ਗਰਮੀ ਦੀ ਛੁੱਟੀਆਂ।
ਖੀਸੇ ਵਿੱਚੋਂ ਕੱਢ ਨਾਨਾ ਦੇਈ ਜਾਂਦਾ ਫੁੱਲੀਆਂ,
ਪਿੰਡ ਦੀਆਂ ਜੂਹਾਂ...

ਉੱਡ ਕੇ ਸਮੁੰਦਰਾਂ ਤੋਂ ਪਾਰ ਵੀ ਜਾ ਆਈਦਾ,
ਮਨ ਦੀ ਉਡਾਰੀ ਨਿੱਤ ਗੇੜਾ ਪਿੰਡ ਲਾਈਦਾ।
ਭਰ-ਭਰ ਅੱਖਾਂ "ਸਿੱਧੂ" ਛਮ-ਛਮ ਡੁੱਲੀਆਂ,
ਪਿੰਡ ਦੀਆਂ ਜੂਹਾਂ...




## ਪੱਥਰਾਂ ਵਿੱਚ ਰੱਬ

ਪੱਥਰਾਂ ਦੀ ਵੀ ਅਜੀਬ ਫ਼ਿਤਰਤ ਹੈ,
ਮੂਰਤੀ ਬਣ ਕੇ ਪੂਜੇ ਜਾਂਦੇ ਨੇ।

ਇੱਥੇ ਰੱਬ ਦੀ ਬਣਾਈ ਮੂਰਤਾਂ ਵੀ,
ਪੱਥਰਾਂ ਵਿੱਚ ਤਬਦੀਲ ਹੋ ਜਾਂਦੇ ਨੇ।

ਧਰਮ ਅਸਥਾਨਾਂ 'ਚ ਚੜ੍ਹਾ ਕੇ ਚੜ੍ਹਾਵਾ,
ਦੁਨੀਆ ਨੂੰ ਢੌਂਗ ਦਿਖਾਈ ਜਾਂਦੇ ਨੇ।

ਰੱਬ ਰੂਪੀ ਇਨਸਾਨੀ ਮੂਰਤੀ ਨੂੰ,
ਵੱਡੇ ਲੋਭੀ ਕਮਲੇ ਬਣਾਈ ਜਾਂਦੇ ਨੇ।

ਇਨਸਾਨੀਅਤ ਜਦ ਮਰ ਜਾਂਦੀ ਹੈ,
ਪੱਥਰ ਪੱਥਰਾਂ 'ਚ ਹੀ ਰੱਬ ਨੂੰ ਲੱਭੀ ਜਾਂਦੇ ਨੇ।








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212




ਹਫ਼ਤਾਵਾਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com


## ਬਿਨ ਤੇਰੇ

ਬਿਨ ਤੇਰੇ ਨਾ ਸੋਹਣੇ ਲੱਗਣ ਮੇਲੇ।
ਮੇਰਾ ਦਿਲ ਲੋਚੇ ਤੈਨੂੰ ਹਰ ਵੇਲੇ ।

ਰੂਹ ਮੇਰੀ ਕਰਦੀ ਹੈ ਸਜਦਾ ਤੈਨੂੰ ,
ਮੁੱਖ ਦਿਖਾਵਣ ਭਾਵੇਂ ਆ ਜਾ ਕੁਵੇਲੇ ।
ਮੇਰਾ ਦਿਲ ਲੋਚੇ ਤੈਨੂੰ ਹਰ ਵੇਲੇ ।

ਤੈਨੂੰ ਯਾਦ ਨੇ ਉਹ ਪਲ ਕਿ ਭੁਲਾ ਦਿੱਤੇ ,
ਜਦ ਕਰਦੇ ਸੀ ਗੱਲਾਂ ਬਹਿ ਵਿੱਚ ਬੇਲੇ ।
ਮੇਰਾ ਦਿਲ ਲੋਚੇ ਤੈਨੂੰ ਹਰ ਵੇਲੇ ।

ਤੇਰੇ ਬਿਨ ਸੱਜਣ ਹੁਣ ਕੁੱਝ ਨਾ ਭਾਵੇ ,
ਸੁੱਖ ਸਹੂਲਤ ਨਾ ਹੀ ਪੈਸੇ ਧੇਲੇ ।
ਮੇਰਾ ਦਿਲ ਲੋਚੇ ਤੈਨੂੰ ਹਰ ਵੇਲੇ ।

ਦੁੱਖ ਪੀੜਾਂ ਤੇ ਤਨਹਾਈਆਂ ਨੇ ਹੁਣ ,
ਪਾ ਲਏ ਨੇ ਮੰਨਤ ਨੂੰ ਆਣ ਝਮੇਲੇ ।
ਮੇਰਾ ਦਿਲ ਲੋਚੇ ਤੈਨੂੰ ਹਰ ਵੇਲੇ।




## ਦਿਲਾਸਿਆਂ ਨੇ ਮਾਰਿਆ

ਗਟ ਗਟ ਕਰ ਕਿ ਡਕਾਰ ਲਿਆ ਜ਼ਹਿਰ ਅਸੀਂ,
ਪਰ ਸਾਨੂੰ ਯਾਰਾਂ ਦੇ ਪਤਾਸਿਆ ਨੇ ਮਾਰਿਆ |

ਖੰਜਰਾਂ ਦੇ ਨਾਲ ਸਾਨੂੰ ਆਯੀ ਨਾ ਝਰੀਟ ਵੀ,
ਸਾਨੂੰ ਓਹਦੇ ਮਿੱਠੇ ਮਿੱਠੇ ਹਾਸਿਆ ਨੇ ਮਾਰਿਆ |

ਇੱਕ ਪਾਸੋਂ ਮਾਰ ਪੈਂਦੀ ਹੱਸ ਹੱਸ ਜ਼ਰ ਲੈਂਦੇ,
ਪਰ ਸਾਨੂੰ ਮਿੱਤਰਾ ਚੌਂਪਾਸਿਆ ਨੇ ਮਾਰਿਆ |

ਲੋਕਾਂ ਨੂੰ ਤਾਂ ਧੋਖਿਆ ਤੇ ਖੰਜਰਾਂ ਦੀ ਮਾਰ ਪੈਂਦੀ,
ਸਾਨੂੰ ਸਾਡੇ ਯਾਰਾਂ ਦੇ ਦਿਲਾਸਿਆ ਨੇ ਮਾਰਿਆ |

ਰਾਜ ਕਿਤੇ ਰਾਜ ਰਹਿੰਦੇ ਬਚ ਜਾਂਦਾ "ਮਣਕੂ"
ਸਾਨੂੰ ਕੀਤੇ ਯਾਰਾਂ ਨਾ ਖੁਲਾਸਿਆ ਨੇ ਮਾਰਿਆ |




## ਮਨੁੱਖੀ ਜੀਵਨ ਨੂੰ ਦੋ ਚੀਜ਼ਾਂ ਸਬਰ ਤੇ ਰਵੱਈਆ ਪ੍ਰਭਾਵਤ ਕਰਦੀਆਂ ਹਨ

ਜੀਵਨ ਦਾ ਮਨੋਰਥ ਹੈ ਕਿ ਆਪਣੇ ਜੀਵਨ ਯਾਤਰਾ ਦੇ ਨਿਯਮ ਸਵਾਰਥਾਂ ਤੋ ਨਿਰੋਲ ਵਾਂਝੇ ਹੋਣੇ ਚਾਹੀਦੇ ਹਨ।ਸਬਰ ਨਾਲ ਜ਼ਿੰਦਗੀ ਦਾ ਸੰਘਰਸ਼ ਕਰਨਾ ਇਕ ਸ਼ਲਾਘਾਯੋਗ ਉਪਰਾਲਾ ਹੈ। ਆਦਮੀ ਨੂੰ ਸਾਰਾ ਕੁੱਝ ਹੋਣ ਤੇ ਸਬਰ ਨੂੰ ਉਛਾਲ ਕਰਨ ਦੀ ਬਿਜਾਏ ਕਿਨਾਰਿਆਂ ਦੇ ਹੇਠਾਂ ਚਲਣਾ ਹੀ ਚੰਗਾ ਪ੍ਰਭਾਵਤ ਸ਼ਾਂਤੀ ਜੀਵਨ ਹੋਵੇਗਾ ਆਪਣੇ ਰਵੱਈਆ ਨੂੰ ਸ਼ਾਂਤ ਪ੍ਰੇਮ ਧੀਰਜ ਸਹਿਣਸ਼ੀਲਤਾ ਦੀ ਕਲਾ ਨੂੰ ਸਿਆਣਪ ਦੀ ਚਾਬੀ ਲਾਉਣੀ ਚਾਹੀਦੀ ਹੈ।ਜੇ ਤੁਹਾਡੇ ਕੋਲ ਪਰਮਾਤਮਾ ਦੀ ਮੇਹਰ ਸਦਕਾ ਸੱਭ ਜਾਇਦਾਦ ਹੈ।ਤਾ ਆਪਣੇ ਰਵੱਈਆ ਨੂੰ ਚੰਗੇ ਸੰਸਕਾਰਾਂ ਦਾ ਸਬੂਤ ਦੇਕੇ ਸਮਾਜ ਵਿਚ ਪਿਆਰ ਮੁਹੱਬਤ ਦਾਗਣ ਇਕ ਸਾਰਥਿਕ ਉਪਰਾਲਾ ਹੈ।ਜੇ ਆਰਥਿਕ ਦਿਸ਼ਾ ਕਮਜ਼ੋਰ ਹੈ ਇਹਨਾਂ ਦੋਹਾਂ ਚੀਜ਼ਾਂ ਨੂੰ ਅੱਗ ਰੱਖ ਕੇ ਜੀਵਨ ਦਾ ਸਫ਼ਰ ਸਾਰਥਿਕ ਨਤੀਜਿਆਂ ਦਾ ਪ੍ਰਤੀਕ ਹੋਵੇਗਾ। ਜੀਵਨ ਵਿਚ ਉਤਰਾਈਆਂ ਚੜਾਈਆਂ ਆਉਣਾ ਕੁਦਰਤੀ ਨਿਯਮ ਹੈ। ਸਵਾਰਥਾਂ ਦਾ ਪ੍ਰਤੀਕ ਆਦਮੀ ਸਦਾ ਢਹਿੰਦੀਆਂ ਕਲਾਂ ਵੱਲ ਜਾਵੇਗਾ। ਇਸ ਲਈ ਚੰਗਾ ਮਾੜਾ ਵਕਤ ਰਵੱਈਆ ਨੂੰ ਤਬਦੀਲੀ ਕਰਨ ਲਈ ਰੌੜਾ ਤਾ ਬਣ ਖੜਦਾ ਹੈ।ਪਰ ਅਜੇਹਿਆਂ ਰੋੜਿਆਂ ਨੂੰ ਰਸਤਿਆਂ ਵਿਚੋਂ ਸਾਹਸੀ ਦਿਲ ਦੀ ਵਰਤੋਂ ਹਟਾ ਕੇ ਆਪਣੀ ਮੰਜ਼ਿਲ ਵੱਲ ਵਧਦੇ ਜਾਉ। ਧੰਨਵਾਦ।




## ਆਓ ਸਾਂਝਾਂ ਪਾਈਏ

ਕੁਲ ਦੁਨੀਆ ਦੇ ਸਭ ਇਨਸਾਨੋ ,
ਆਉ ਸਾਝਾਂ ਪਾਈਏ ਪਿਆਰ ਦੀਆਂ।
ਅਮਨ ਸ਼ਾਂਤੀ ਦੇ ਚਾਹਵਾਨੋ ,
ਆਉ ਸਾਝਾਂ ਪਾਈਏ ਪਿਆਰ ਦੀਆਂ।
ਹੱਦਾ ਸਰਹੱਦਾ ਤੋ ਪਹਿਲਾਂ ,
ਮਿਟਾਈਏ ਦਿਲਾਂ ਵਿੱਚੋ ਦੂਰੀਆਂ ,
ਨਫਰਤ ਮੁਕਾ ਕੇ ਵਿਚ ਜਹਾਨੋ ,
ਆਉ ਸਾਝਾਂ ਪਾਈਏ ਪਿਆਰ ਦੀਆਂ।
ਜਾਤ ਪਾਤ ਤੇ ਰੰਗ ਨਸਲ ਦੇ,
ਝਗੜੇ ਸਭ ਮੁਕਾ ਦੇਈਏ ,
ਉੱਠੋ ਕਵੀਉ ਸ਼ਾਇਰੋ ਵਿਦਵਾਨੋ ,
ਆਉ ਸਾਝਾਂ ਪਾਈਏ ਪਿਆਰ ਦੀਆਂ।
ਲੜਾਈ ਝਗੜਾ ਵੈਰ ਈਰਖਾ ,
ਜੀਵਨ ਨੂੰ ਪਿਛੇ ਲੈ ਜਾਂਦੇ ,
ਬਜ਼ੁਰਗਾਂ ਤੋ ਸਮਝੋ ਜਵਾਨੋ,
ਆਉ ਸਾਝਾਂ ਪਾਈਏ ਪਿਆਰ ਦੀਆਂ।
ਜੀਵਨ ਦਾ ਇਹ ਤਾਨਾ ਬਾਣਾ ,
ਸਹਿਜ ਵਿੱਚ ਹੀ ਸੁਲਝ ਸਕਦਾ ,
ਮਾਨਵਤਾ ਦੀ ਕਦਰ ਪਹਿਚਾਨੋ,
ਆਉ ਸਾਝਾਂ ਪਾਈਏ ਪਿਆਰ ਦੀਆਂ।
ਸਾਹਾ ਦਾ ਆਣਾ ਤੇ ਜਾਣਾ ,
ਬੱਸ ਐਨੀ ਕੁ ਹੈ ਜਿੰਦਗਾਨੀ ,
ਕੁਝ ਪਲ ਦੇ ਮਹਿਮਾਨੋ ,
ਆਉ ਸਾਝਾਂ ਪਾਈਏ ਪਿਆਰ ਦੀਆਂ।
ਪਿਆਰ ਮੁਹੱਬਤ ਭਾਈਚਾਰਾ ,
' ਸੁੱਖੀ ' ਸਮੇਂ ਦੀ ਮੁੱਖ ਮੰਗ ਹੈ,
ਸਮੇਂ ਦੇ ਨਾਲ ਚੱਲੋ ਕਦਰਦਾਨੋ ,
ਆਉ ਸਾਝਾਂ ਪਾਈਏ ਪਿਆਰ ਦੀਆਂ।




## ਬੋਲ ਸਤਲੁਜ ਦੇ ਪਾਣੀਆਂ

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਕਿੱਧਰ ਗਈ ਜਵਾਨੀ।
ਕੀ ਬੀਤੀ ਉਹਨਾਂ ਨਾਲ ਸੀ,
ਲਹੂ ਜਦ ਹੋਇਆ ਪਾਣੀ।

ਪੁੱਤ ਜਿਨਾਂ ਦੇ ਖੋਹ ਲਏ ਤੂੰ,
ਉਹ ਵਿਲਕਣ ਮਾਵਾਂ।
ਭਟਕ ਦੀਆਂ ਮਰ ਗਈਆਂ,
ਜਾ ਸੁੰਨੀਆਂ ਰਾਹਵਾਂ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਕਿੰਨ੍ਹਾਂ ਕਹਿਰ ਗੁਜਾਰੇ।
ਕਿੰਨੇ ਬੇਦੋਸ਼ੇ ਮਾਸੂਮ ਸੀ,
ਗਏ ਵਿੱਚ ਮਾਰੇ।

ਤੈਨੂੰ ਤਾਂ ਸਭ ਪਤਾ ਹੋਊ
ਹੁਣ ਤੂੰ ਦੱਸਦੇ।
ਉਹ ਕੌਣ ਸੀ ਜਾਲਮ ਆਦਮੀ
ਜੋ ਲੋਥਾਂ 'ਤੇ ਹੱਸਦੇ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਉਹ ਬੋਲ ਤਰਸਦੇ।
ਤੇਰੇ ਵਿੱਚ ਸਮਾ ਗਏ
ਕਿੰਨੇ ਤਾਰੇ ਅਰਸ਼ ਦੇ।

ਦੱਸਦੇ ਉਹ ਕੌਣ ਸਨ,
ਜਿੰਨਾਂ ਲੁੱਟੀ ਜਵਾਨੀ,
ਕਿ ਅੱਜ ਵੀ ਫਿਰ ਰਹੇ,
ਕੋਈ ਦੱਸ ਨਿਸ਼ਾਨੀ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਘਾਟੇ ਕਿੰਝ ਹੋਣੇ ਪੂਰੇ।
ਪਾਣੀ ਤੇਰਾ ਪਵਿੱਤਰ ਸੀ
ਕੀਤਾ ਜ਼ਹਿਰ ਧਤੂਰੇ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਆਵਾਜ਼ਾਂ ਜੋ ਖਾਮੋਸ਼ ਹੋ 'ਗੀਆਂ।
ਜਿਨਾਂ ਸੁਣਿਆ, ਜਿਨਾਂ ਵੇਖਿਆ,
ਰੂਹਾਂ ਬੇਹੋਸ਼ ਹੋ 'ਗੀਆਂ।

ਸੱਚੋ ਸੱਚ ਦੱਸਦੇ ਤੇਰੇ ਮੈ ਪਾਵਾਂ
ਤਰਲੇ।
'ਪੱਤੋ' ਧੰਨ ਉਹ ਲੋਕ ਜਿੰਨਾਂ ਨੇ
ਦੁੱਖੜੇ ਜਰਲੇ।




## ਖੇਡਾਂ ਕੁਦਰਤ ਦੀਆਂ

ਵਾਹ ਮੇਰੇ ਮੌਲਾ ਤੇਰੀਆਂ ਖੇਡਾਂ, ਕੌਣ ਤੇਰੇ ਬਿਨ ਜਾਣੇ।
ਬੰਦਾ ਐਵੇਂ ਹਿੱਕ ਥਾਪੜਦਾ,ਲਾਉਂਦਾ ਜੋਰ ਧਿਗਾਣੇ।
ਕਿੰਝ ਕਿਸੇ ਨੂੰ ਚੋਗ ਚਗਾਉਣੀ,ਪਿਆਸ ਹੈ ਕਿਵੇਂ ਬੁਝਾਉਣੀ,
ਤੇਰੀ ਰਹਿਮਤ ਬਿਨਾਂ ਤਾਂ ਇਥੇ ਹਰ ਕੋਈ ਖਾਕ ਹੀ ਛਾਣੇ।
ਤੇਰੇ ਹੁਕਮ ਬਿਨਾਂ ਨਹੀਂ ਇਥੇ ਪੱਤਾ ਵੀ ਵੀ ਝੁਲ ਸਕਦਾ,
ਤੇਰਾ ਹੁਕਮ ਨਾ ਮੰਨਿਆਂ ਜਿਨਾਂ ਰੁਲ ਗਏ ਰਾਜ ਘਰਾਣੇ।
ਨਿਰਾਲੀਆਂ ਤੇਰੀਆਂ ਖੇਡਾਂ ਨੂੰ ਕੋਈ ਜਾਣ ਨਾ ਸਕਿਆ,
ਬੱਲੀਆਂ ਕਣਕ ਦੀਆਂ ਵਿੱਚ ਕਿੱਦਾਂ ਬੰਦ ਹੋ ਜਾਂਦੇ ਦਾਣੇ।
ਡੋਬਾ ਸੋਕਾ ਕਿਆਮਤ ਲਿਆਉਂਦੇ ਜਾਣੇ ਕੁੱਲ ਲੁਕਾਈ,
ਇਹ ਵੀ ਤੇਰੇ ਹੁਕਮ ਦੇ ਅੰਦਰ ਮਾਲਕਾ ਵਰਤਣ ਭਾਣੇ ।
ਦੱਦਾਹੂਰੀਆ ਸ਼ਰਮਾਂ ਤੈਨੂੰ ਨਿਉਂ ਨਿਉਂ ਸੀਸ ਝੁਕਾਉਂਦਾ,
ਤੇਰੀ ਕਿਰਪਾ ਨਾਲ ਹੀ ਮਿਲਦੇ ਰੁੱਖੇ ਮਿੱਸੇ ਖਾਣੇ।




## ਹੁਣ ਬੋਲ

ਫ਼ਿਤਰਤ ਹੁੰਦੀ , ਕੁੱਝ ਲੋਕਾਂ ਦੀ „
ਗੱਲ-ਗੱਲ ਉੱਤੇ , ਭੋਰਨ ਦੀ ....
ਚੰਗੀ ਭਲੀ ਕੋਈ , ਗੱਲ ਚੱਲਦੀ „
ਤੇ , ਵਿੱਚੇ ਆਪਣੀ ਤੋਰਨ ਦੀ ....

ਬੋਲ-ਬਾਣੀ ਤੇ , ਐਦਾਂ ਦੀ ਹੈ „
ਜਿਉਂ , ਪਾਣੀ ਦੀ ਆਦਤ ਖੋਰਨ ਦੀ ....
ਝੋਟੀ ਜਿੱਦਾਂ , ਕਿੱਲਾ ਪਟਾਉਂਦੀ „
ਜਦ , ਵਾਰੀ ਆਉਂਦੀ ਸੌਰਨ ਦੀ ....

ਕੁੱਝ , ਆਪਣੀ ਵਾਰੀ ਕੰਮ ਨਹੀਂਓ ਆਉਂਦੇ „
ਪਰ , ਸਾਡਾ ਕੰਮ ਹੋ ਜੇ ਫੌਰਨ ਜੀ ....
ਕੰਮ ਕਢਾ ਕੇ , ਪੱਲਾ ਝਾੜਦੇ „
ਤੇ , ਕਾਹਲੀ ਹੁੰਦੀ ਤੋਰਨ ਦੀ ....

ਬਚਾ ਰਹਵੇ , "ਰੱਬੀ" ਐਸੇ ਲੋਕਾਂ ਤੋਂ „
ਲੋੜ ਨੀ , ਦੋਸਤ ਜੋੜਨ ਦੀ ....
ਬਹੁ-ਮਾੜਿਆਂ ਨਾਲੋਂ , ਚੰਗੇ ਹੀ ਕੁੱਝ „
ਬੱਸ , ਮਹਿਸੂਸ ਨਾ ਹੋਵੇ , ਥੋੜ੍ਹਨ ਜੀ ....




## ਸ੍ਰੀ ਗੁਰੂ ਨਾਨਕ ਦੇਵ ਜੀ

ਚਾਰ ਦਿਸ਼ਾਵਾਂ ਭਰਮਣ ਕਰਕੇ, ਅਵੇਸਰੇ ਜਗ ਨੂੰ ਜਿਨ੍ਹੇ ਜਗਾਇਆ,
ਇੱਕ ਰੱਬ ਦੀ ਉਪਜ ਹਾਂ ਸਾਰੇ, ਰਲ ਮਿਲ ਰਹਿਣਾ ਜਿਨ੍ਹੇ ਸਿਖਾਇਆ।
ਕਿਰਤੀ ਬਣੋ ਤੇ ਵੰਡ ਖਾਓ, ਨਾਮ ਸਿਮਰਨਾ ਜਿਨ੍ਹੇ ਸਮਝਾਇਆ।
ਰਾਕਸ਼, ਸੱਜਣ ਸਿੱਧੇ ਕੀਤੇ, ਨੇਕ ਰਾਹਵਾਂ ਤੇ ਜਿਨ੍ਹੇ ਪਾਇਆ।
ਫਨੀਅਰ ਸੱਪ ਨਹੀਂ ਮਿੱਤਰ ਬਣਦੇ, ਡੰਗ ਮਾਰਨਾ ਕਿਵੇਂ ਭੁਲਾਇਆ
ਰਾਜ-ਭੋਜਾਂ ਨੂੰ ਠੋਕਰ ਮਾਰੀ, ਮਾਨ ਲਾਲੋ ਦਾ ਜਿਨ੍ਹੇ ਵਧਾਇਆ।
ਮੈਂ ਉਸ ਦਾਤੇ ਦੀ ਗਲ ਕਰਨਾ ਵਾਂ, ਸਾਰੀ ਦੁਨੀਆਂ ਨੂੰ ਜਿਨ੍ਹੇ ਰੁਸ਼ਨਾਇਆ।
ਜੋ ਜੋ ਕਾਰ ਕੋਈ ਕਰਦਾ ਹੈ ਸੀ, ਉਸ ਨੂੰ ਉਸੇ ਹੀ ਕਾਰੇ ਲਾਇਆ।
ਸਰਬਤ ਦਾ ਭਲਾ ਮੰਗਣਾ ਵੀ ਦੱਸਿਆ, ਮਜ਼ਲੂਮਾਂ ਦਾ ਸਾਥ ਨਿਭਾਇਆ।
'ਰਾਜੇ ਸ਼ੀਹ ਮੁਕਦਮ ਕੁੱਤੇ' ਨਿੱਡਰ ਹੋ ਕੇ ਬਾਬੇ ਮੁਖੋਂ ਅਲਾਇਆ।
ਦਬੇ-ਕੁਚਲੇ ਬਰਾਬਰ ਬਿਠਾਏ, ਸਭ ਦਾ ਬਣਦਾ ਹੱਕ ਦੁਆਇਆ।
ਸਭੇ ਸਾਂਝੀਵਾਲ ਸਜਾਇਣ, ਬਾਬੇ ਕਹਿਕੇ ਮਾਨ ਵਧਾਇਆ।
ਪੂਰੀ ਧਰਤੀ ਥਾਲ ਦਰਸਾਕੇ, ਚੰਨ ਸੂਰਜ ਨੂੰ ਵਿੱਚ ਜਚਾਇਆ।
ਮੈਂ ਉਸ ਦਾਤੇ ਦੀ ਗੱਲ ਕਰਨਾ ਵਾਂ, ਕਲਿਆਣਕਾਰੀ ਜਿਸ ਸ਼ਬਦ ਰਚਾਇਆ।
ਜ਼ੁਲਮ-ਸਿਤਮ ਜਦ ਹੁੰਦੇ ਵੇਖੇ, ਬਾਬੇ ਹਾਅ ਦਾ ਨਾਹਰਾ ਲਾਇਆ।
ਏਤੀ ਮਾਰ ਪਈ ਕੁਰਲਾਨੇ ਰੱਬਾ ਤੈਨੂੰ ਕਿਉਂ ਦਰਦ ਨਾ ਆਇਆ?
ਕਿਰਤ ਕਰਨੀ ਦਸੀ ਬਾਬੇ ਨੇ, ਕਰਤਾਰਪੁਰ ਵਿਖੇ ਗੁਰਦੁਆਰਾ ਬਣਾਇਆ।
ਨਾਨਕ ਨਾਮ ਜਹਾਜ਼ ਬਣਾ ਕੇ, ਚੜ੍ਹੇ ਸੋ ਉਤਰੇ ਪਾਰ ਦਰਸਾਇਆ।
ਜੋ ਸ਼ਰਧਾ ਕਰ ਸੇਵਦੇ, ਗੁਰ ਪਾਰ ਉਤਾਰਨ ਹਾਰ ਸੁਝਾਇਆ।
'ਸੇਖੋਂ' ਉਸ ਦਾਤੇ ਦੀ ਕੀ ਗੱਲ ਕਰਦਾ ਏ, ਦਸਿਐ ਜਿਨ੍ਹੇ ਹੈ ਬਾਰੰਮ-ਬਾਰ।
'ਗੁਰ ਕੀ ਸੇਵਾ ਸ਼ਬਦ ਵੀਚਾਰ' ਜੀਵਨ ਦਾ ਬਣਾ ਲਉ ਆਧਾਰ।




## ਆਉਣ ਤੋਂ ਪਹਿਲਾਂ

ਹਰ ਰੁੱਤੇ ਤੈਨੂੰ ਪਾਈਆਂ ਚਿੱਠੀਆਂ ਵਿੱਚ ਲਿਖੇ ਦਰਦ ਅਵੱਲੇ।
ਤੂੰ ਕਿਉਂ ਨਾ ਬਹੁੜਿਆ ਰੱਬਾ ਤੈਨੂੰ ਲੱਖ ਸੁਨੇਹੇ ਘੱਲੇ।

ਤੇਰੇ ਤੋਂ ਤਾਂ ਕੁੱਝ ਵੀ ਲੁਕਿਆ ਹੋਇਆ ਨਹੀਂ ਰੱਬਾ ਪਰ ਫਿਰ ਵੀ ਸੋਚਿਆ ਆਉਣ ਤੋਂ ਪਹਿਲਾਂ ਤੈਨੂੰ ਯਾਦ ਕਰਵਾ ਦਿਆ ਕਿਤੇ ਤੂੰ ਮੈਨੂੰ ਭੁੱਲ ਤੇ ਨਹੀਂ ਗਿਆ? ਮੇਰੇ ਵਰਗੇ ਹੋਰ ਵੀ ਕਈ ਫਰਿਆਦੀ ਤੇਰੇ ਦਰਾਂ ਮੂਹਰੇ ਆਪਣੀ ਫਰਿਆਦ ਲੈ ਕੇ ਮੈਥੋਂ ਮੂਹਰੇ ਪਹੁੰਚੇ ਹੋਣਗੇ। ਮੈਂ ਉਹੀ ਆ ਜਿਹਨੇ ਆਪਣੀ ਬੇਵੱਸੀ ਦੀ ਫਰਿਆਦ ਹਰ ਵਾਰ ਤੇਰੇ ਮੂਹਰੇ ਕੀਤੀ । ਆਪਣਾ ਹਰੇਕ ਦੁੱਖ ਤੇਰੇ ਨਾਲ ਸਾਂਝਾ ਕੀਤਾ। ਸੁੱਖ ਵਿੱਚ ਭਾਵੇਂ ਨਹੀਂ ਪਰ ਆਪਣੇ ਹਰ ਦੁੱਖ ਵਿੱਚ ਤੈਨੂੰ ਚੇਤੇ ਰੱਖਿਆ। ਤੂੰ ਮੈਨੂੰ ਮਤਲਬਖੋਰਾ ਵੀ ਕਹਿ ਸਕਦਾ ਪਰ ਯਾਦ ਤਾਂ ਮੈਂ ਕਰਦਾ ਈ ਰਿਹਾ। ਹੁਣ ਅੰਤ ਹੋ ਗਿਆ ਮੇਰੇ ਦੁੱਖਾਂ ਦਾ। ਹੁਣ ਨਹੀਂ ਸਹਿ ਹੁੰਦਾ ਇਹ ਦਰਦ। ਮੇਰੇ ਕੰਨ ਪਾਟਣ ਲੱਗਦੇ ਆ ਜਦੋਂ ਲੋਕਾਂ ਦੇ ਤਾਅਨੇ ਸੁਣਦਾ। ਮੇਰਾ ਦਿਲ ਚੀਰਿਆ ਜਾਂਦਾ ਜਦੋਂ ਮੇਰੇ ਆਪਣੇ ਹੀ ਮੈਨੂੰ ਮੇਹਣੇ ਮਾਰਦੇ ਆ। ਮੇਰੇ ਕੋਲੋਂ ਨਹੀਂ ਜਰ ਹੁੰਦੇ ਦੁੱਧ ਨੂੰ ਵਿਲਕਦੇ ਬਾਲ। ਮੈਥੋਂ ਨਹੀ ਸੁਣ ਹੁੰਦੀਆਂ ਲਾਣੇਦਾਰਨੀ ਦੀਆਂ ਹਿਜਕੀਆਂ। ਜਦੋਂ ਉਹ ਜਵਾਨ ਧੀ ਨੂੰ ਘਰ ਵਿੱਚ ਬੈਠਿਆਂ ਦੇਖ ਅੰਦਰ ਵੜ ਵੜ ਰੋਂਦੀ ਆ। ਜੇਠ ਹਾੜ ਵਿੱਚ ਨੰਗੇ ਪਿੰਡੇ ਤੇ ਪੋਹ ਮਾਘ ਦੀਆਂ ਠੰਡੀਆਂ ਰਾਤਾਂ ਨੂੰ ਨੰਗੇ ਪੈਰੀਂ ਪਾਣੀ ਲਾਉਂਦਿਆਂ ਕਦੀ ਤੇਰੇ ਤੇ ਸ਼ਿਕਵਾ ਨਹੀਂ ਕੀਤਾ। ਪਰ ਹੁਣ ਤਾਂ ਸਬਰ ਦਾ ਬੰਨ੍ਹ ਟੁੱਟ ਗਿਆ। ਧੀਆਂ ਪੁੱਤਾਂ ਵਾਂਗ ਪਾਲੀ ਫ਼ਸਲ ਅੱਖਾਂ ਮੂਹਰੇ ਤਬਾਹ ਹੋਈ ਦੇਖ ਰੂਹ ਕੁਰਲਾ ਉੱਠੀ। ਇਹ ਝੀਲ ਤੇਰੀ ਇਹ ਸਾਗਰ ਤੇਰਾ। ਇਹ ਪਰਬਤ ਤੇਰੇ ਇਹ ਮਾਰੂਥਲ ਤੇਰਾ। ਇਹ ਝੱਖੜ ਤੇਰੇ ਇਹ ਹਵਾਵਾਂ ਤੇਰੀਆਂ। ਇਹ ਔੜ ਤੇਰੀ ਇਹ ਬਰਸਾਤਾਂ ਤੇਰੀਆਂ। ਇਹ ਅਸਮਾਨ ਤੇਰਾ ਇਹ ਧਰਤ ਤੇਰੀ। ਇਹ ਜੀਵ ਜੰਤੂ ਤੇਰੇ ਇਹ ਪਸ਼ੂ ਪੰਛੀ ਵੀ ਤੇਰੇ। ਇਹ ਦਿਨ ਤੇਰੇ ਇਹ ਰਾਤ ਤੇਰੀ ਇੱਥੋਂ ਤੱਕ ਕਿ ਸਾਰੀ ਕਾਇਨਾਤ ਤੇਰੀ। ਜੇਕਰ ਸਾਰੀ ਕਾਇਨਾਤ ਤੇਰੀ ਏ ਤਾਂ ਕੀ ਮੇਰਾ ਘਰ ਉਹਦੇ ਵਿੱਚ ਨਹੀਂ ਆਉਂਦਾ? ਕੀ ਮੇਰਾ ਪਰਿਵਾਰ ਬਾਲ-ਬੱਚੇ ਤੇਰੇ ਕੁੱਝ ਨਹੀਂ ਲੱਗਦੇ? ਜਦ ਇਹ ਸਭ ਕੁੱਝ ਤੇਰਾ ਹੈ ਫਿਰ ਸਾਨੂੰ ਕਿਉਂ ਮਨੋਂ ਭੁਲਾ ਛੱਡਿਆ? ਮੈਂ ਤਾਂ ਸੁਣਿਆ ਤੂੰ ਪੱਥਰਾਂ ਵਿੱਚ ਬੈਠਿਆਂ ਦੇ ਮੂੰਹ ਵੀ ਅੰਨ ਦਾ ਦਾਣਾ ਪਾ ਦੇਨਾ ਫਿਰ ਮੈਥੋਂ ਮੇਰਾ ਰਿਜ਼ਕ ਕਾਹਤੋਂ ਖੋਇਆ? ਕੀ ਮੈਂ ਤੇਰੀ ਬਣਾਈ ਹੋਈ ਮਾਨਸ ਜਾਤ ਵਿੱਚੋਂ ਨਹੀਂ ਹਾਂ? ਹਰੇਕ ਇਨਸਾਨ ਅੱਗੇ ਵੱਧਣ ਬਾਰੇ ਸੋਚਦਾ ਤੇ ਮਿਹਨਤ ਕਰਦਾ

। ਜੇਕਰ ਮੈਂ ਇਹ ਸਭ ਕੁੱਝ ਕੀਤਾ ਤੇ ਕੀ ਗੁਨਾਹ ਹੋ ਗਿਆ? ਪੱਕੀ ਹੋਈ ਫ਼ਸਲ ਤਬਾਹ ਹੋ ਗਈ ਤੇ ਉੱਪਰੋਂ ਲੋਕਾਂ ਦਾ ਦੇਣ ਦਾਰ ਬਣਕੇ ਰਹਿ ਗਿਆ । ਤੈਨੂੰ ਤਾਂ ਪਤਾ ਈ ਆ ਇਸ ਵਾਰ ਸੱਠ ਹਜ਼ਾਰ ਨੂੰ ਕਿੱਲਾ ਠੇਕੇ ਤੇ ਲਿਆ ਸੀ ਤੇ ਉੱਤੋਂ ਖਰਚਾ ਵੱਖਰਾ ਕੀਤਾ। ਸਾਡੀ ਮਿਹਨਤ ਦਾ ਤਾਂ ਕੋਈ ਮੁੱਲ ਹੀ ਨਹੀਂ। ਸਭ ਕੁੱਝ ਖਤਮ ਹੋ ਗਿਆ। ਮੈਂ ਤਾਂ ਅਣਪੜ੍ਹ ਜਿਮੀਂਦਾਰ ਆ ਰੱਬਾ। ਤੂੰ ਆਪੇ ਹੀ ਹਿਸਾਬ ਲਾ ਲਵੀਂ ਕਿ ਪੰਜਾਹ ਕਿੱਲਿਆਂ ਦਾ ਠੇਕਾ ਕਿੰਨਾ ਬਣਦਾ? ਹੁਣ ਕਿੱਥੋਂ ਤਾਰਨੀ ਆ ਠੇਕੇ ਦੀ ਰਕਮ? ਲੈਣ ਦਾਰਾਂ ਤਾਂ ਮੇਰੇ ਬੂਹੇ ਆਣ ਬਹਿਣਾ। ਖੇਤਾਂ ਵਿੱਚ ਅੱਧਮੋਈ ਤੜਫ ਰਹੀ ਫ਼ਸਲ ਮੈਥੋਂ ਜਰੀ ਨਹੀਂ ਜਾਂਦੀ। ਸੱਚੀ ਪੁੱਛੇ ਤਾਂ ਉਸ ਦਿਨ ਤੋਂ ਬਾਅਦ ਰੋਟੀ ਦੀ ਬੁਰਕੀ ਮੇਰੇ ਗਲੇ ਤੋਂ ਥੱਲੇ ਨਹੀਂ ਉੱਤਰਦੀ। ਘਰੇ ਜਵਾਕਾਂ ਵੀ ਰੋਟੀ ਨਹੀਂ ਖਾਧੀ। ਉਹਨਾਂ ਵਿਚਾਰਿਆ ਨੇ ਰੋਟੀ ਕਿੱਥੋਂ ਖਾਣੀ ਸੀ ਘਰ ਕਿਹੜਾ ਭੜੋਲੇ ਵਿੱਚ ਦਾਣੇ ਆ? ਬਸ-ਬਸ ਹੁਣ ਹੋਰ ਨਹੀਂ ਸਹਿ ਹੁੰਦਾ ਦਰਦ। ਤੂੰ ਤਾਂ ਮੇਰੇ ਕੋਲ ਆਇਆ ਨਹੀਂ ਮੈਂ ਹੀ ਤੇਰੇ ਕੋਲ ਆ ਰਿਹਾ ਰੱਬਾ। ਤੇਰੀ ਖਲਕਤ ਦਾ ਢਿੱਡ ਭਰਨ ਵਾਲਾ ਅੰਨਦਾਤਾ ਤੇ ਆਪ ਢਿੱਡੋ ਖਾਲੀ। ਇੱਕ ਬੇਵੱਸ ਬਾਪ, ਭਰਾ ਤੇ ਕਿਸਾਨ।








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਮੁਸਲਮਾਨਾਂ ਤੋਂ ਡਰਦਾ ਬੰਦਾ

ਮੇਰਾ ਇੱਕ ਦੋਸਤ ਅਕਸਰ ਕਹਿੰਦਾ ਸੀ
ਕਿ ਕੌਮੀ ਏਕਤਾ ਦੀਆਂ ਗੱਲਾਂ
ਸਿਰਫ਼ ਕਹਿਣ ਵਿੱਚ ਹੀ
ਚੰਗੀਆਂ ਲੱਗਦੀਆਂ ਨੇ।
ਮੁਸਲਮਾਨਾਂ ਦੇ ਮੁਹੱਲੇ ਵਿੱਚ
ਇਕੱਲਾ ਗਿਐਂ ਕਦੇ?
ਜਾ ਕੇ ਵੇਖੀਂ,ਡਰ ਲੱਗਦੈ।

ਉਹ ਮੁਸਲਮਾਨਾਂ ਤੋਂ ਬਹੁਤ ਡਰਦਾ ਸੀ
ਪਰ ਉਹਨੂੰ ਸ਼ਾਹਰੁਖ਼ ਖ਼ਾਨ
ਬਹੁਤ ਪਸੰਦ ਸੀ।
ਉਹਦੀਆਂ ਗੱਲ੍ਹਾਂ ਵਿਚਲਾ ਡੂੰਘ
ਤੇ ਉਸ ਦੀਆਂ ਦੀਵਾਲੀ ਨੂੰ
ਰਿਲੀਜ਼ ਹੋਈਆਂ ਫ਼ਿਲਮਾਂ ਵੀ।
ਦਲੀਪ ਕੁਮਾਰ ਯੂਸਫ਼ ਹੈ
ਉਹ ਨਹੀਂ ਸੀ ਜਾਣਦਾ।
ਉਹਦੀਆਂ ਫ਼ਿਲਮਾਂ ਉਹ
ਸ਼ਿੱਦਤ ਨਾਲ ਵੇਖਦਾ।
ਉਹ ਉਨ੍ਹਾਂ ਤੋਂ ਨਹੀਂ ਸੀ ਡਰਦਾ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।

ਉਹ ਉਡੀਕਦਾ ਸੀ
ਆਮਿਰ ਖ਼ਾਨ ਦੀ
ਕ੍ਰਿਸਮਿਸ ਵੇਲੇ ਰਿਲੀਜ਼ ਫ਼ਿਲਮ ਦੀ
ਤੇ ਸਲਮਾਨ ਦੀ ਈਦੀ ਦੀ
ਜੇ ਕਿਤੇ ਬਲੈਕ ਵਿੱਚ ਵੀ ਟਿਕਟ ਮਿਲੇ
ਉਹ ਸੀਟੀਆਂ ਮਾਰ ਕੇ ਦੇਖ ਆਉਂਦਾ।
ਉਹ ਉਨ੍ਹਾਂ ਤੋਂ ਨਹੀਂ ਸੀ ਡਰਦਾ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।

ਉਹ ਮੇਰੇ ਨਾਲ ਇੰਜਨੀਅਰ ਬਣਿਆ
ਵਿਗਿਆਨ ਵਿੱਚ ਉਸਦੀ ਦਿਲਚਸਪੀ ਏਨੀ ਕਿ ਆਖਦਾ ਸੀ
ਅਬਦੁਲ ਕਲਾਮ ਵਾਂਗ
ਮੈਂ ਵੀ ਵਿਗਿਆਨੀ ਬਣਨਾ ਚਾਹੁੰਦਾਂ
ਦੇਸ਼ ਦਾ ਮਾਣ ਵਧਾਉਣਾ ਚਾਹੁੰਦਾ ਹਾਂ।
ਉਹ ਉਸ ਤੋਂ ਨਹੀਂ ਸੀ ਡਰਦਾ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।

ਉਹ ਕ੍ਰਿਕਟ ਦਾ ਵੀ ਬੜਾ ਸ਼ੌਕੀਨ ਸੀ
ਖ਼ਾਸ ਕਰਕੇ
ਮਨਸੂਰ ਅਲੀ ਖ਼ਾਨ ਪਟੌਦੀ ਦੇ
ਛੱਕਿਆਂ ਦਾ।
ਮੁਹੰਮਦ ਅਜ਼ਹਰੂਦੀਨ ਦੇ ਗੁੱਟ ਦਾ
ਜ਼ਹੀਰ ਖ਼ਾਨ ਤੇ ਇਰਫ਼ਾਨ ਪਠਾਣ ਦੀ
ਲਹਿਰਾਉਂਦੀ ਗੇਂਦ ਦਾ।
ਕਹਿੰਦਾ ਸੀ ਇਹ ਸਾਰੇ ਜਾਦੂਗਰ ਨੇ।
ਇਹ ਖੇਡਣ ਤਾਂ ਅਸੀਂ ਕਦੇ ਨਾ ਹਾਰੀਏ
ਪਾਕਿਸਤਾਨ ਤੋਂ।
ਉਹ ਉਨ੍ਹਾਂ ਤੋਂ ਨਹੀਂ ਸੀ ਡਰਦਾ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।

ਉਹ ਨਰਗਿਸ ਤੇ ਮਧੂਬਾਲਾ ਦੇ
ਹੁਸਨ ਦਾ ਮੁਰੀਦ ਸੀ
ਉਹ ਉਨ੍ਹਾਂ ਨੂੰ
ਬਲੈਕ ਐਂਡ ਵਾਈਟ ਵਿੱਚ
ਵੇਖਣਾ ਚਾਹੁੰਦਾ ਸੀ।
ਉਹ ਮੁਰੀਦ ਸੀ ਵਹੀਦਾ ਰਹਿਮਾਨ ਦਾ
ਤੇ ਪਰਵੀਨ ਬਾਬੀ ਦੀ ਮੁਹੱਬਤ ਦਾ।
ਉਹ ਉਨ੍ਹਾਂ ਤੋਂ ਨਹੀਂ ਸੀ ਡਰਦਾ
ਸਿਰਫ਼ ਮੁਸਲਮਾਨਾਂ ਤੋਂ ਡਰਦਾ ਸੀ।

ਉਹ ਜਦ ਵੀ ਦੁਖੀ ਹੁੰਦਾ
ਤਾਂ ਮੁਹੰਮਦ ਰਫ਼ੀ ਦੇ ਗਾਏ ਗੀਤ ਸੁਣਦਾ।
ਆਖਦਾ ਕਿ
ਰਫ਼ੀ ਸਾਹਿਬ ਦੇ ਕੰਠ ਚ ਰੱਬ ਰਹਿੰਦੈ।
ਉਹ ਰਫ਼ੀ ਦਾ ਨਾਂ ਸਦਾ
ਕੰਨਾਂ ਤੇ ਹੱਥ ਧਰਕੇ ਲੈਂਦਾ।
ਨਾਮ ਨਾਲ ਹਮੇਸ਼ਾਂ ਸਾਹਿਬ ਲਾਉਂਦਾ।
ਜੇਕਰ ਉਹ ਸਾਹਿਰ ਦੇ ਲਿਖੇ
ਗੀਤ ਗਾ ਦੇਣ ਤਾਂ
ਖ਼ੁਸ਼ੀ ਚ ਰੋਣ ਨੂੰ ਦਿਲ ਕਰਦਾ ਸੀ ਉਹਦਾ।
ਉਹ ਉਨ੍ਹਾਂ ਤੋਂ ਨਹੀਂ ਸੀ ਡਰਦਾ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।

ਉਹ ਹਰ ਸਾਲ ਛੱਬੀ ਜਨਵਰੀ ਨੂੰ
ਅੱਲਾਮਾ ਇਕਬਾਲ ਦਾ
ਸਾਰੇ ਜਹਾਂ ਸੇ ਅੱਛਾ ਗਾਉਂਦਾ ਸੀ।
ਕਹਿੰਦਾ ਸੀ ਕਿ
ਜੇਕਰ ਕਿਤੇ ਗੀਤ ਨਾਲ
ਬਿਸਮਿੱਲ੍ਹਾ ਖ਼ਾਨ ਦੀ ਸ਼ਹਿਨਾਈ ਹੋਵੇ
ਜ਼ਾਕਿਰ ਹੁਸੈਨ ਦਾ ਤਬਲਾ ਵੱਜੇ
ਤਾਂ ਕਿਆ ਕਹਿਣੇ।
ਉਹ ਉਨ੍ਹਾਂ ਤੋਂ ਨਹੀਂ ਸੀ ਡਰਦਾ
ਸਿਰਫ਼ ਮੁਸਲਮਾਨਾਂ ਤੋਂ ਡਰਦਾ ਸੀ।
ਉਸਨੂੰ ਜਦ ਇਸ਼ਕ ਹੋਇਆ
ਤਾਂ ਕੁੜੀ ਨੂੰ
ਮਿਰਜ਼ਾ ਗ਼ਾਲਿਬ ਦੀ ਗ਼ਜ਼ਲ ਸੁਣਾਉਂਦਾ।
ਫ਼ੈਜ਼ ਦੇ ਸ਼ਿਅਰ ਲਿਖ ਲਿਖ ਭੇਜਦਾ।
ਉਨ੍ਹਾਂ ਉਧਾਰੇ ਉਰਦੂ ਸ਼ਿਅਰਾਂ ਤੇ
ਮਰ ਮਿਟੀ ਉਸ ਦੀ ਮਹਿਬੂਬਾ
ਅੱਜ ਉਹਦੀ ਪਤਨੀ ਹੈ।
ਉਹ ਇਨ੍ਹਾਂ ਸਭ ਸ਼ਾਇਰਾਂ ਤੋਂ
ਨਹੀਂ ਸੀ ਡਰਦਾ
ਬੱਸ ਮੁਸਲਮਾਨਾਂ ਤੋਂ ਡਰਦਾ ਸੀ।

ਬੜਾ ਝੂਠਾ ਸੀ ਮੇਰਾ ਦੋਸਤ
ਬੜਾ ਭੋਲਾ ਵੀ
ਉਹ ਅਣਜਾਣਤਾ ਵਿੱਚ ਹੀ
ਹਰ ਮੁਸਲਮਾਨ ਨਾਲ
ਕਰਦਾ ਸੀ ਏਨਾ ਪਿਆਰ।

ਫਿਰ ਵੀ ਪਤਾ ਨਹੀਂ ਉਹ
ਕਿਉਂ ਕਹਿੰਦਾ ਸੀ
ਕਿ ਉਹ ਮੁਸਲਮਾਨਾਂ ਤੋਂ ਡਰਦਾ ਹੈ।
ਉਹ ਮੁਸਲਮਾਨਾਂ ਦੇ ਦੇਸ਼ ਵਿੱਚ ਰਹਿੰਦੈ
ਖ਼ੁਸ਼ੀ ਖ਼ੁਸ਼ੀ ਮੁਹੱਬਤ ਨਾਲ
ਤੇ ਪਤਾ ਨਹੀਂ
ਮੁਸਲਮਾਨਾਂ ਦੇ
ਕਿਹੜੇ ਮੁਹੱਲੇ ਚ ਰਹਿੰਦਾ ਸੀ ?
ਇਕੱਲ੍ਹੇ ਜਾਣ ਤੋਂ ਡਰਦਾ ਸੀ।

ਅਸਲ ਚ ਉਹ
ਰੱਬ ਦੇ ਬਣਾਏ ਮੁਸਲਮਾਨਾਂ ਤੋਂ
ਨਹੀਂ ਸੀ ਡਰਦਾ
ਸ਼ਾਇਦ ਉਹ ਡਰਦਾ ਸੀ ਤਾਂ
ਸਿਆਸਤ, ਅਖ਼ਬਾਰ,ਤੇ ਚੋਣਾਂ ਦੇ ਬਣਾਏ
ਉਨ੍ਹਾਂ ਮਨੋਕਲਪਿਤ ਮੁਸਲਮਾਨਾਂ ਤੋਂ।
ਜੋ ਕਲਪਨਾ ਵਿੱਚ ਬਹੁਤ ਡਰਾਉਣੇ ਸਨ
ਪਰ ਅਸਲੀਅਤ ਵਿੱਚ
ਈਦ ਦੀਆਂ ਸੇਵੀਆਂ ਤੋਂ
ਜ਼ਿਆਦਾ ਮਿੱਠੇ ਸਨ।




## ਲਾਲ ਸਿੰਘ ਨੂੰ ਸ਼ਰਧਾਂਜਲੀ



ਸਿਰਜ ਕੇ
ਸ਼ਬਦ ਦੀ ਕਹਾਣੀ
ਪਰਾਸਤ ਕਰ ਦਿੱਤੀ ਸੂ
ਤੂੰ ਮੌਤ ਆਪਣੀ
ਹੁਣ ਕਹਾਣੀ
ਮੜ੍ਹੀ ਤੇਰੀ ਤੇ
ਕਰਦੀ ਰਹੇਗੀ
ਜ਼ਿਆਰਤ ਸਦਾ ਹੀ
ਤਿਜਾਰਤ ਕਦੇ ਨਹੀਂ,
ਇਬਦਤ ਸੱਚ ਦੀ
ਸਿਰੜ ਸੀ ਤੇਰਾ
ਸੰਯਮ ਸੀ ਤੇਰਾ
ਸਾਦਗੀ ਸੀ ਤੇਰੀ
ਤੂੰ ਕਹਾਣੀ ਦੇ
ਸ਼ਬਦਾਂ ਦੀ ਕਵਿਤਾ
ਕਵਿਤਾ ਦੇ ਸੁੱਚੇ
ਸ਼ਬਦ ਦੀ ਕਵਿਤਾ
ਬਬਦ ਦੇ ਸੁੱਚੇ
ਤੱਤ ਦੀ ਕਵਿਤਾ




## ਕਾਵਿ ਵਿਅੰਗ

ਰਾਜਨੀਤੀ ਦਾ ਹਮਾਮ

ਰਾਜਨੀਤੀ ਦੇ ਇਸ ਹਮਾਮ ਅੰਦਰ,
ਸਾਰੇ ਨੰਗੇ ਨੇ ਕਿਸੇ ਨੂੰ ਕਹੇ ਕਿਹੜਾ?
ਪਰਦੇ ਹੋਰਾਂ ਦੇ ਫੋਲ ਕੇ ਬਚਾ ਕੀਕਣ?
ਚੜ੍ਹੇ ਹੋਰਾਂ ਦੇ ਭਲਾ ਜੀ ਢਹੇ ਕਿਹੜਾ?
ਇਹ ਖੇਡ ਹੈ ਕੰਨ- ਖੰਜੂਰਿਆਂ ਦੀ,
ਡੰਗ ਮਾਰਨੇ ਪਿੱਛੇ ਜੀ ਰਹੇ ਕਿਹੜਾ?
ਨੇਤਾਗਰੀ ਦੀ ਜਾਤ ਚੋਂ ਛੇਕ ਹੁੱਕਾ,
ਪਰਾਂ ਹੋ ਕੇ ਜੀਵੇ ਤੇ ਬਹੇ ਕਿਹੜਾ?
ਨੇਤਾ ਲੋਕ ਨੇ ਸੱਪਾਂ ਦੀ ਨਸਲ ਵਿੱਚੋਂ,
ਘੱਟ ਕਿਸੇ ਚ ਰਤਾ ਵੀ ਜ਼ਹਿਰ ਨਹੀਉਂ।
ਹਰ ਸ਼ਾਖ 'ਤੇ ਜੀਹਦੇ ਹੈ ਇੱਕ ਉੱਲੂ,
ਉਸ ਬਾਗ਼ ਦੀ ਭਾਈ ਜੀ ਖੈਰ ਨਹੀਉਂ।

ਨੇਤਾ ਬਣ ਜਾ ਫੇਰ ਬੇਸ਼ੱਕ ਬੀਬਾ!

ਝੂਠ ਬੋਲਣਾ, ਤੋਲਣਾ ਆ ਗਿਆ ਜੇ,
ਨੇਤਾ ਬਣ ਜਾ ਫੇਰ ਬੇਸ਼ੱਕ ਬੀਬਾ !
ਜ਼ਹਿਰ ਮਨ ਵਿਚ ਹੋਵੇ ਬੇਸ਼ੱਕ ਜਿੰਨੀ,
ਨਕਲੀ ਹਾਸਿਆਂ ਹੇਠ ਤੂੰ ਢੱਕ ਬੀਬਾ !
ਕਿਸੇ ਕੜੇ- ਕਾਨੂੰਨ ਦੀ ਫਿਕਰ ਕਾਹਦੀ,
ਹਰ ਚੀਜ਼ 'ਤੇ ਤੇਰਾ ਹੈ ਹੱਕ ਬੀਬਾ !
ਹਰ ਜਗਹ 'ਤੇ ਚੱਲੇਗਾ ਹੁਕਮ ਤੇਰਾ,
ਜਿਵੇਂ ਚਾਹਵੇਂ ਫੱਟੇ ਤੂੰ ਚੱਕ ਬੀਬਾ !
ਕਿਉਂਕਿ ਆਪਣੇ ਵਤਨ ਦੇ ਲੋਕ ਚੰਗੇ,
ਨਾਲ ਲੀਡਰਾਂ ਰੱਖਦੇ ਵੈਰ ਨਹੀਉਂ।
ਹਰ ਸ਼ਾਖ 'ਤੇ ਜੀਹਦੇ ਹੈ ਇੱਕ ਉੱਲੂ,
ਉਸ ਬਾਗ ਦੀ ਭਾਈ ਜੀ ਖੈਰ ਨਹੀਉਂ।

ਉਸ ਬਾਗ਼ ਦੀ ਭਾਈ ਜੀ ਖ਼ੈਰ ਨਹੀਉਂ

ਉਹ ਵਿਸ਼ਵ ਵਪਾਰ ਲਈ ਸਾਈਨ ਕਰਦੇ,
ਗਲ ਘੋਟ ਦੇਊ ਵਿਸ਼ਵ ਵਪਾਰ ਸਾਡਾ।
ਸਰਮਾਏਦਾਰੀ ਨੇ ਨਿਗਲਣਾ ਫੇਰ ਸਾਨੂੰ,
ਗੋਰੇ ਕਰਨਗੇ ਫੇਰ ਸ਼ਿਕਾਰ ਸਾਡਾ।
ਇਹ ਜੋ ਦੇਸ਼ ਨੂੰ ਗਹਿਣੇ ਧਰੀ ਜਾਂਦੇ,
ਸਕਦੇ ਕੁੱਝ ਵੀ ਨਹੀ ਸੰਵਾਰ ਸਾਡਾ।
ਠੱਗਾਂ, ਚੋਰਾਂ, ਗੱਦਾਰਾਂ ਦੇ ਪੇਸ਼ ਪੈ ਗਏ,
ਰਿਹਾ ਕੋਈ ਨਾ ਦਰਦੀ, ਯਾਰ ਸਾਡਾ।
ਘੁੰਮਣ 'ਚ ਫਸੇ ਨੇ ਲੋਕ ਏਦਾਂ,
ਦਿਸਦੇ ਕਿਤੇ ਵੀ ਲੱਗਦੇ ਪੈਰ ਨਹੀਉਂ।
ਹਰ ਸ਼ਾਖ 'ਤੇ ਜੀਹਦੇ ਹੈ ਇੱਕ ਉੱਲੂ,
ਉਸ ਬਾਗ ਦੀ ਭਾਈ ਜੀ ਖੈਰ ਨਹੀਉਂ।




## ਟੱਪੇ

ਪੱਤੇ ਝੜ ਗਏ ਬੇਰੀ ਦੇ
ਤੈਨੂੰ ਜੇ ਸਕੂਨ ਮਿਲਦਾ
ਜਾ ਫਟ ਲਾ ਲੈ ਰੂਹ ਮੇਰੀ ਤੇ

ਪਾਣੀ ਸੁੱਕ ਗਿਆ ਪੱਤਣਾ ਦਾ
ਵੇ ਕਾਹਦਾ ਪਰਦੇਸ ਗਿਆ
ਰਾਹ ਭੁੱਲ ਗਿਆ ਵੱਤਨਾ ਦਾ

ਮਿੱਟੀ ਉੱਡ ਦੀ ਰਾਹਵਾਂ ਦੀ,
ਖਿੜ ਖਿੜ ਹੱਸਦਾ ਏ,
ਬਲੀ ਦੇਕੇ ਸਾਡੇ ਚਾਵਾਂ ਦੀ |

ਪਾਣੀ ਪੱਤਣਾ ਦਾ ਸੁੱਕ ਚੱਲਿਆ,
ਤੇਰੀਆਂ ਉਡੀਕਾਂ ਚੰਨ ਵੇ,
ਪੈਂਡਾ ਉਮਰਾਂ ਦਾ ਮੁੱਕ ਚੱਲਿਆਂ |

ਪਾਣੀ ਸੁੱਕ ਗਿਆ ਖੂਹਾਂ ਦਾ,
ਸੱਜਣ ਤੁਰ ਗਏ ਨੇ,
ਫੱਟ ਲਾ ਕੇ ਰੂਹਾਂ ਦਾ |

ਸੋਹਣਾ ਸੱਜਣ ਗੁਲਾਬ ਵਰਗਾ,
ਨੈਣਾ ਵਿੱਚ ਤੱਕੀਏ ਜੇ,
ਨਸ਼ਾ ਚੜ੍ਹਦਾ ਸ਼ਰਾਬ ਵਰਗਾ |

ਫੁੱਲ ਵੇਹੜੇ ਵਿੱਚ ਲਾ ਦੇਵਾਂ,
ਅੰਬਰਾਂ ਤੋਂ ਤਾਰੇ ਤੋੜ ਕੇ,
ਤੇਰੀ ਚੁੰਨੀ ਤੇ ਜੜਾ ਦੇਵਾਂ |

ਦੁੱਖ ਅੱਡੀ ਲਾ ਕੇ ਨੱਸਿਆ ਏ,
ਦਿਲ ਬਾਗੋ ਬਾਗ ਹੋ ਗਿਆ,
ਮੇਰਾ ਮਾਹੀ ਹੱਸਿਆ ਏ |

ਕੱਚੇ ਦੁੱਧ ਦੀ ਗਲਾਸੀ ਏ,
ਮਾਹੀ ਮੈਨੂੰ ਤੱਕਿਆ ਏ,
ਸਾਰੀ ਉੱਡ ਗਈ ਉਦਾਸੀ ਏ




## ਉਹ ਵੀ ਕੋਈ ਬੰਦਾ ਏ

ਚੱਕਵੇਂ ਚੁੱਲ੍ਹੇ ਵਾਂਗਰ ਜੋ ਵੀ,ਸਟੈਂਡ ਬਦਲਦਾ ਰਹਿੰਦਾ ਏ।
ਉਹ ਵੀ ਕੋਈ ਬੰਦਾ ਹੈ,ਹਰ ਇੱਕ ਹੀ ਉਹਨੂੰ ਕਹਿੰਦਾ ਏ।

ਕਹਿਣੀ ਕਰਨੀ ਇੱਕ ਨਾ ਹੋਵੇ,ਪਲ ਵਿੱਚ ਕਿਤੇ ਜਾ ਖਲੋਵੇ।
ਜਿਹੜਾ ਉਸ ਤੇ ਕਰੇ ਭਰੋਸਾ,ਓਹੀ ਉਹਦੀ ਜਾਨ ਨੂੰ ਰੋਵੇ।
ਕੇਰਾਂ ਜੀਹਨੇ ਪਰਖ਼ ਲਿਆ,ਕੋਲ਼ ਨਾ ਆ ਕੇ ਬਹਿੰਦਾ ਏ।
ਉਹ ਵੀ ਕੋਈ ਬੰਦਾ ਏ...............।

ਭਰੋਸਾ ਜਿਸ ਗਵਾਇਆ ਹੈ,ਕੌਡੀ ਮੁੱਲ ਨਾ ਪਾਇਆ ਹੈ।
ਸੱਚ ਜਾਣਿਓਂ ਜਗ ਦੇ ਉਪਰ,ਕਾਹਦਾ ਉਹ ਆਇਆ ਹੈ।
ਮੇਰੀ ਕੋਈ ਕਦਰ ਨ੍ਹੀਂ ਕਰਦਾ,ਲੋਕਾਂ ਦੇ ਨਾਲ ਖਹਿੰਦਾ ਏ।
ਉਹ ਵੀ ਕੋਈ ਬੰਦਾ ਏ..................।

ਸੋਚ ਸਮਝ ਕੇ ਵਾਅਦੇ ਕਰੋ,ਵਾਅਦਿਆਂ ਉੱਪਰ ਖ਼ਰੇ ਖੜ੍ਹੋ।
ਖ਼ਰੇ ਜੇ ਤੁਸੀਂ ਉੱਤਰ ਨਾ ਸਕੋਂ,ਐਵੇਂ ਨਾ ਫਿਰ ਬਹਾਨੇ ਘੜੋ।
ਚੋਰ ਨਾਲੇ ਚਤੁਰਾਈ ਦੀ ਗੱਲ,ਸੱਚਾ ਬੰਦਾ ਨਾ ਸਹਿੰਦਾ ਏ।
ਉਹ ਵੀ ਕੋਈ ਬੰਦਾ ਏ...............।

ਕਹਿਣੀ ਕਰਨੀ ਦੇ ਜੋ ਪੂਰੇ,ਲੋਕੀਂ ਗੁਣ ਪਏ ਗਾਉਂਦੇ ਨੇ।
ਅਮਰੀਕ ਤਲਵੰਡੀ ਵਰਗੇ ਵੀ,ਉਨ੍ਹਾਂ ਦੇ ਗੀਤ ਬਣਾਉਂਦੇ ਨੇ।
ਧਰਤੀ ਉਤੇ ਆਉਣ ਦਾ ਮੁੱਲ,ਪੂਰਾ ਉਨ੍ਹਾਂ ਦਾ ਪੈਂਦਾ ਏ।
ਓਹ ਵੀ ਕੋਈ ਬੰਦਾ ਏ................।




## ਸਾਵਣ ਆਇਆ

ਸਾਵਣ ਆਇਆ ਮੀਂਹ ਲੈ ਆਇਆ।
ਮੀਂਹ ਆਇਆ ਮੀਂਹ ਆਇਆ।
ਗਰਮੀ ਤੋਂ ਛੁਟਕਾਰਾ ਪਾਇਆ।
ਕੈਸਾ ਉਸ ਮੌਸਮ ਬਣਾਇਆ।
ਸਾਵਣ ਆਇਆ ਸਾਵਣ ਆਇਆ।
ਕਿਣ ਮਿਣ ਮੌਸਮ ਠੰਢਾ ਕੀਤਾ।
ਮੀਂਹ ਦਾ ਇੰਤਜ਼ਾਰ ਬਹੁਤਾ ਕੀਤਾ।
ਛਮ ਛਮ ਨੇ ਸਾਜ਼ ਵਿਜਾਇਆ।
ਸਾਵਣ ਆਇਆ*******
ਤਾਣੀ ਛੱਤਰੀ ਸੈਟਾਂ ਖੜਿਆ।
ਪਾਣੀ ਨੇ ਵੇਹੜਾ ਭਰਿਆ।
ਡੱਡੂਆਂ ਉੱਚੀ ਸ਼ੋਰ ਮਚਾਇਆ।
ਸਾਵਣ ਆਇਆ********
ਬਣਾਈ ਕਿਸ਼ਤੀ ਅੱਬੀ ਹੋਰਾਂ।
ਪਵੀ ਜਾਏ ਮੀਂਹ ਪੂਰੇ ਜ਼ੋਰਾਂ।
ਕਾਲ਼ਾ ਬਦਲ ਅਸਮਾਨੀ ਛਾਇਆ।
ਸਾਵਣ ਆਇਆ********
ਕੋਟ ਈਸੇ ਖਾਂ ਸਭਾ ਰਚਾਈ।
ਇੱਕਠੇ ਹੋਏ ਲਿਖਾਰੀ ਭਾਈ।
ਜਗਜੀਤ ਵੀ ਝੱਤਰਿਆ ਤੋ ਆਇਆ।
ਸਾਵਣ ਆਇਆ ਸਾਵਣ ਆਇਆ।
ਮੀਂਹ ਆਇਆ ਮੀਂਹ ਆਇਆ।




## ਬਿੰਦਰ ਕੋਲੀਆਂ ਵਾਲ਼ ਚੈਨਲ

ਬਿੰਦਰ ਕੋਲੀਆਂ ਵਾਲ ਦਾ ਚੈਨਲ, ਜਾਂਦਾ ਕਰੀ ਕਮਾਲ,
ਕੌਮਾਂਤਰੀ ਪੰਜਾਬੀ ਕਾਫ਼ਲਾ ਤੁਰੇ ਨੂੰ,ਹੋ ਗਿਆ ਪੂਰਾ ਸਾਲ।

ਕਾਫ਼ਲੇ ਖੂਬ ਤਰੱਕੀ ਕੀਤੀ, ਸਾਰੇ ਜੱਗ ਤੇ ਛਾਇਆ,
ਬਿੰਦਰ ਬਾਈ ਦੀ ਮਿਹਨਤ ਨੂੰ, ਸਤਿਗੁਰਾਂ ਫਲ਼ ਲਾਇਆ,
ਆਤਮਾ ਤੇ ਨਾ ਭਾਰੂ ਹੋਇਆ, ਮੋਹ ਮਾਇਆ ਦਾ ਜਾਲ਼।
ਬਿੰਦਰ ਕੋਲੀਆਂ ਵਾਲ ਦਾ ਚੈਨਲ, ਜਾਂਦਾ ਕਰੀ ਕਮਾਲ,
ਕੌਮਾਂਤਰੀ ਪੰਜਾਬੀ ਕਾਫ਼ਲਾ ਤੁਰੇ ਨੂੰ,ਹੋ ਗਿਆ ਪੂਰਾ ਸਾਲ।

ਸਾਹਿਤਕਾਰਾਂ ਦੇ ਨਾਲ਼ ਖਲੋਂਦਾ, ਬਾਂਹ ਉਹਨਾਂ ਦੀ ਫੜਦਾ,
ਇਕੱਠੇ ਕਰ ਦੁਨੀਆਂ 'ਚੋਂ ਲੇਖਕ, ਸੰਗ ਕਵੀਆਂ ਦੇ ਖੜ੍ਹਦਾ,
ਸਰਪ੍ਰਸਤ ਮੇਰਾ 'ਜੋਗੀ' ਵੀਰ ਜੀ, ਰੱਖੇ ਖਾਸ ਖਿਆਲ।
ਬਿੰਦਰ ਕੋਲੀਆਂ ਵਾਲ ਦਾ ਚੈਨਲ, ਜਾਂਦਾ ਕਰੀ ਕਮਾਲ,
ਕੌਮਾਂਤਰੀ ਪੰਜਾਬੀ ਕਾਫ਼ਲਾ ਤੁਰੇ ਨੂੰ,ਹੋ ਗਿਆ ਪੂਰਾ ਸਾਲ।

ਬੁਲਾਰੇ, ਰਾਗੀ, ਗੀਤਕਾਰ ਕਵੀ, ਪਾਉਂਣ ਪੂਰਾ ਸਨਮਾਨ,
ਚੰਗੇ ਕਾਰਜ ਕਰਦਾ ਜਾਂਦਾ, ਉਸਤਤ ਕਰੇ ਜਹਾਨ,
ਨਫਰਤ, ਈਰਖਾ, ਭੁੱਲ-ਭੁਲਾਕੇ, ਤੁਰੇ ਪਿਆਰੀ ਚਾਲ।
ਬਿੰਦਰ ਕੋਲੀਆਂ ਵਾਲ ਦਾ ਚੈਨਲ, ਜਾਂਦਾ ਕਰੀ ਕਮਾਲ,
ਕੌਮਾਂਤਰੀ ਪੰਜਾਬੀ ਕਾਫ਼ਲਾ ਤੁਰੇ ਨੂੰ,ਹੋ ਗਿਆ ਪੂਰਾ ਸਾਲ।

ਕਹਾਣੀ ਦੀ ਜਦ ਤੁਰੇ ਕਹਾਣੀ, ਲਾਉਣ ਕਹਾਣੀ ਦਰਬਾਰ,
ਇੱਕ ਕਹਾਣੀ ਸੰਗ੍ਰਹਿ ਲਿਖਕੇ, ਲਈ ਬਿੰਦਰ ਬਾਜ਼ੀ ਮਾਰ,
ਗਿਣਤੀ ਵਿੱਚ ਨੌਂ ਨਾਵਲ ਲਿਖਤੇ, ਬਿੰਦਰ ਕੋਲੀਆਂ ਵਾਲ।
ਬਿੰਦਰ ਕੋਲੀਆਂ ਵਾਲ ਦਾ ਚੈਨਲ, ਜਾਂਦਾ ਕਰੀ ਕਮਾਲ,
ਕੌਮਾਂਤਰੀ ਪੰਜਾਬੀ ਕਾਫ਼ਲਾ ਤੁਰੇ ਨੂੰ,ਹੋ ਗਿਆ ਪੂਰਾ ਸਾਲ।

ਗੁਰਮੀਤ ਮੱਲੀ ਦਾ ਜਾਦੂ ਚਲਦਾ, ਸਭ ਦੇ ਮਨ ਨੂੰ ਭਾਉਂਦਾ,
ਮੰਗਤ ਖਾਨ ਲਏ ਕੀਲ ਸਰੋਤੇ, ਗੀਤ ਜਦੋਂ ਉਹ ਗਾਉਂਦਾ,
'ਚੰਦੀ' ਵੀਰ ਗਿਆਨ ਦਾ ਸਾਗਰ, ਤੋੜੇ ਭਰਮ ਜੰਜਾਲ।
ਬਿੰਦਰ ਕੋਲੀਆਂ ਵਾਲ ਦਾ ਚੈਨਲ, ਜਾਂਦਾ ਕਰੀ ਕਮਾਲ,
ਕੌਮਾਂਤਰੀ ਪੰਜਾਬੀ ਕਾਫ਼ਲਾ ਤੁਰੇ ਨੂੰ,ਹੋ ਗਿਆ ਪੂਰਾ ਸਾਲ।

ਕੋਲੀਆਂ ਵਾਲ ਤੇ ਸਰਬਜੀਤ ਜੀ ਧੰਨ-ਧੰਨ ਪਏ ਕਰਾਉਂਦੇ,
ਕਾਫਲੇ ਦੇ ਉਹ ਵਾਰਿਸ ਬਣਕੇ, ਖੂਬ ਰੌਣਕਾਂ ਲਾਉਂਦੇ,
'ਨਛੱਤਰ ਭੋਗਲ' ਕਵਿਤਾ ਪੜ੍ਹਕੇ, ਕੱਢਦਾ ਦਿਲੀ ਉਬਾਲ਼।
ਬਿੰਦਰ ਕੋਲੀਆਂ ਵਾਲ' ਦਾ ਚੈਨਲ, ਜਾਂਦਾ ਕਰੀ ਕਮਾਲ,
ਕੌਮਾਂਤਰੀ ਪੰਜਾਬੀ ਕਾਫ਼ਲਾ ਤੁਰੇ ਨੂੰ,ਹੋ ਗਿਆ ਪੂਰਾ ਸਾਲ।




## ਰੌਸ਼ਨੀ ਦੇ ਖੰਭ

ਕਦੀ ਦਿਨ ਦੇ ਉਜਾਲੇ, ਕਦੀ ਰਾਤਾਂ ਦੇ ਹਨੇਰੇ।
ਲੱਥੀ ਸ਼ਾਮਾਂ ਦੀ ਸਿਆਹੀ, ਕਦੀ ਉੱਗਦੇ ਸਵੇਰੇ।
ਅਸੀਂ ਜੁਗਨੂੰ ਦੇ ਵਾਂਗੂੰ,ਖੰਭ ਰੌਸ਼ਨੀ ਦੇ ਲ਼ੈ ਕੇ,
ਮੋਮਬੱਤੀ ਜਿਹੇ ਜਿਸਮਾਂ ਨੂੰ ਢਾਲਦੇ ਰਹੇ।
ਸਾਨੂੰ ਰੱਬ ਨਾ ਥਿਆਇਆ, ਅਸੀਂ ਭਾਲਦੇ ਰਹੇ।

ਉਦ੍ਹੇ ਰਾਹਾਂ ਦੀ ਖ਼ਬਰ,ਨਾ ਉਹਦਾ ਹੈ ਟਿਕਾਣਾ,
ਨਹੀਂ ਸੋਚਾਂ ਨੂੰ ਗਿਆਨ, ਉਹਨਾਂ ਕਿੱਥੋਂ ਤੱਕ ਜਾਣਾ,
ਕਦੇ ਨੇੜੇ ਨੇੜੇ ਲੱਗੇ, ਕਦੇ ਦੂਰ ਦੂਰ ਜਾਪੇ ,
ਕਦੀ ਮਹਿਫ਼ਲਾਂ ਦੇ ਵਿੱਚੋਂ,ਕਰ ਦਿੰਦਾ ਹੈ 'ਕਲਾਪੇ,
ਲੋਕ ਪੁੱਛਦੇ ਸੀ ਸਾਨੂੰ, ਤੁਸੀਂ ਕਿੱਥੋਂ ਤੱਕ ਪਹੁੰਚੇ ?
ਵਾਂਗ ਲੀਡਰਾਂ ਦੇ ਗੱਲਾਂ ਅਸੀਂ ਟਾਲਦੇ ਰਹੇ।
ਸਾਨੂੰ ਰੱਬ ਨਾ ਥਿਆਇਆ ਅਸੀਂ ਭਾਲਦੇ ਰਹੇ।

ਅਸੀਂ ਬੰਦੇ ਸਾਂ ਮਾਮੂਲੀ, ਕਿਸੇ ਬਾਗ਼ ਦੀ ਨਾ ਮੂਲੀ,
ਉਹਨੇ, ਉਹਨੂੰ ਨਾ ਬੁਲਾਇਆ,ਚੱੜ੍ਹੇ ਹੱਸ ਕੇ ਜੋ ਸੂਲੀ,
ਕੋਈ ਹਉਕਿਆਂ ਚੋਂ ਭਾਲੇ , ਕੋਈ ਖੁਸ਼ੀਆਂ ਚੋਂ ਲੱਭੇ ,
ਉਹਦੀ ਗੋਝ ਦੇ ਖ਼ਜ਼ਾਨੇ, ਰੱਬ ਜਾਣੇ ਕਿੱਥੇ ਦੱਬੇ ,
ਕਿਹੜੇ ਰੰਗਾਂ ਵਿੱਚ ਰਾਜ਼ੀ, ਉਹਨੂੰ ਕੀ ਕੁੱਝ ਭਾਉਂਦਾ ?
ਲੋਕ ਖੁੱਭੇ ਵਿਚ ਇਸੇ ਹੀ ਖ਼ਿਆਲ ਦੇ ਰਹੇ।
ਸਾਨੂੰ ਰੱਬ ਨਾ ਥਿਆਇਆ ਅਸੀਂ ਭਾਲਦੇ ਰਹੇ।

ਦੂਰ ਸੂਰਜਾਂ ਤੋਂ ਉਹਦਾ , ਇੱਕੋ ਸੱਚ ਕੋਲ ਵਾਸਾ ,
ਉੱਥੇ ਛਲ ਨਾ ਫ਼ਰੇਬ,ਝੂਠੀ ਪਹੁੰਚ ਨਹੀਂ ਮਾਸਾ ,
ਖ਼ੁਦੀ ਬਣ ਕੇ ਪਰਿੰਦਾ,ਪਾ ਕੇ ਡੋਰ ਚਾਅ ਵਾਲੀ ,
ਲ਼ੈ ਖੋਪੜੀ ਦੇ ਖੱਪਰ,ਤੇ ਬਣ ਗਈ ਸਵਾਲੀ ,
ਖੈਰ ਉਹਦੀ ਝੋਲੀ ਪਾਇਆ,ਜਿਸ ਆਪਾ ਹੈ ਗਵਾਇਆ,
ਐਵੇਂ ਹਉਮੈ 'ਚ 'ਵਿਯੋਗੀ' ਘਾਲਾਂ ਘਾਲਦੇ ਰਹੇ।
ਸਾਨੂੰ ਰੱਬ ਨਾ ਥਿਆਇਆ ਅਸੀਂ ਭਾਲਦੇ ਰਹੇ।




## ਕਿੱਥੇ ਐ?

ਪਹਾੜਾਂ ਦੀ ਉਚਾਈ ਚ,
ਨਦੀਆਂ ਦੀ ਗਹਿਰਾਈ ਚ,
ਬੰਦਾ ਲੱਭੇ ਕੰਢੇ ਨੂੰ, ਕੰਢਾ ਕਿੱਥੇ ਐ?

ਸਿਖਰ ਦੁਪਹਿਰ ਚ,
ਗਰਮੀ ਦੇ ਕਹਿਰ ਚ ਵੱਢ ਕੇ ਦਰਖਤ,
ਫਿਰ ਲੱਭਦਾ ਛਾਂ ਨੂੰ, ਛਾਂ ਕਿੱਥੇ ਐ?

ਵਾਧੇ ਦੀ ਹੋੜ ਚ,
ਜ਼ਿੰਦਗੀ ਦੀ ਦੌੜ ਚ
ਕਰਕੇ ਨਸ਼ੀਲੀਆਂ ਖੁਰਾਕਾਂ,
ਬੰਦਾ ਲੱਭੇ ਸਿਹਤ ਨੂੰ, ਸਿਹਤ ਕਿੱਥੇ ਆ?

ਆਧੁਨਿਕ ਯੁੱਗ ਵਿੱਚ,
ਫੋਨ ਦੇ ਸੁੱਖ ਵਿੱਚ ਬੰਦਾ ਭਾਲੇ ਸਮੇਂ ਨੂੰ,
ਸਮਾਂ ਕਿੱਥੇ ਹੈ?

ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਚ
ਵੰਡੀ ਦੁਨੀਆ ਨੂੰ,
ਰੱਬ ਭਾਲੇ ਬੰਦੇ ਨੂੰ,
ਮੇਰਾ ਬਣਾਇਆ ਬੰਦਾ ਕਿੱਥੇ ਏ?







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਗ਼ਜ਼ਲ

ਹਾਲ ਹੋਇਆ ਬੇਹਾਲ ਜ਼ਮਾਨਾ ਬੀਤ ਗਿਆ।
ਛੁੱਟਿਆ ਝੰਗ ਸਿਆਲ ਜ਼ਮਾਨਾ ਬੀਤ ਗਿਆ।

ਤੂੰ ਨਈਂ ਪੁੱਛਿਆ ਹਾਲ ਜ਼ਮਾਨਾ ਬੀਤ ਗਿਆ।
ਕਰਕ ਕਲੇਜੇ ਨਾਲ ਜ਼ਮਾਨਾ ਬੀਤ ਗਿਆ।

ਸੱਜਰੇ ਫੁੱਲਾਂ ਵਰਗਾ ਤੇਰਾ ਚਿਹਰਾ ਸੀ,
ਅੱਖੀਆਂ ਲਿਆ ਸੰਭਾਲ ਜ਼ਮਾਨਾ ਬੀਤ ਗਿਆ।

ਭੁੱਲ ਸਕਦੈਂ ਤੂੰ, ਐਪਰ ਮੇਰੇ ਦਿਲ ਅੰਦਰ,
ਤੇਰਾ ਰਿਹਾ ਖ਼ਿਆਲ ਜ਼ਮਾਨਾ ਬੀਤ ਗਿਆ।

ਦਿਲ ਦੇ ਵਿਚ ਜੋ ਪਿਆਰ ਦਾ ਬੂਟਾ ਲਾਇਆ ਸੀ,
ਓਹ ਅੱਜ ਵੀ ਖ਼ੁਸ਼ਹਾਲ ਜ਼ਮਾਨਾ ਬੀਤ ਗਿਆ।

ਇਸ਼ਕ ਦੇ ਜਜ਼ਬੇ ਦੀ ਸੀਰਤ ਇਕਸਾਰ ਰਹੀ,
ਲੰਘੇ ਹਾੜ੍ਹ-ਸਿਆਲ ਜ਼ਮਾਨਾ ਬੀਤ ਗਿਆ।

ਦੁੱਖ ਦੇ ਪੈਂਡੇ ਬਿਖੜੇ ਲੰਮ-ਸਲੰਮੇ ਸੀ,
ਫਿੱਕਾ ਪਿਆ ਜਮਾਲ ਜ਼ਮਾਨਾ ਬਦਲ ਗਿਆ।

ਮੱਥੇ ਉੱਤੇ ਝੁਰੜੀਆਂ ਦੇਹੀ ਵਿਚ ਕਾਂਬਾ,
ਸੀ ਤੇਰਾ ਰੂਪ ਕਮਾਲ ਜ਼ਮਾਨਾ ਬੀਤ ਗਿਆ।

ਦਰਸ ਦਿਖਾ ਕੇ, ਨੈਣ ਮਿਲਾ ਕੇ, ਤੁਰ ਗਿਆ ਸੈਂ,
ਪਾ ਹਿਜਰਾਂ ਦਾ ਜਾਲ ਜ਼ਮਾਨਾ ਬੀਤ ਗਿਆ।




## ਇਨਸਾਨੀਅਤ

ਜੀਵਨ ਦੀ ਉੱਚੀ ਸ਼ਾਨ ਹੈ ਇਨਸਾਨੀਅਤ,
ਰੱਬ ਦੇ ਘਰ ਦੀ ਪਛਾਣ ਹੈ ਇਨਸਾਨੀਅਤ।

ਨਾ ਜਾਤ ਪੁੱਛੇ ਨਾ ਧਰਮਾਂ ਦਾ ਰੌਲਾ ਪਾਵੇ ,
ਹਰ ਦੁਖੀ ਦਿਲ ਲਈ ਵਰਦਾਨ ਹੈ ਇਨਸਾਨੀਅਤ।

ਡਿੱਗਦਿਆਂ ਨੂੰ ਸਹਾਰਾ ਦੇਕੇ ਉਠਾ ਲਵੇ,
ਨੇਕੀ ਦਾ ਸਦੀਵੀ ਨਿਸ਼ਾਨ ਹੈ ਇਨਸਾਨੀਅਤ।

ਨਫ਼ਰਤ ਦੀਆਂ ਕੰਧਾਂ ਢਾਹ ਕੇ ਪਿਆਰ ਵੰਡੇ,
ਮੁਹੱਬਤ ਦਾ ਸੋਹਣਾ ਜਹਾਨ ਹੈ ਇਨਸਾਨੀਅਤ।

ਜਿਸ ਦਿਲ ਅੰਦਰ ਦਇਆ ਦਾ ਦੀਪ ਜਗੇ,
ਉਸ ਦਿਲ ਦੀ ਸੱਚੀ ਮੁਸਕਾਨ ਹੈ ਇਨਸਾਨੀਅਤ।

ਭੁੱਖੇ ਨੂੰ ਰੋਟੀ, ਨਿਆਸਰੇ ਨੂੰ ਆਸ ਦੇਵੇ,
ਦੁੱਖਾਂ ਵਿੱਚ ਚਾਨਣ ਦੀ ਉਡਾਣ ਹੈ ਇਨਸਾਨੀਅਤ।

ਦੌਲਤ, ਸ਼ੋਹਰਤ ਦਾ ਕਰੇ ਨਾ ਗੁਮਾਨ ਕਦੇ,
ਮਨੁੱਖਤਾ ਦਾ ਸੱਚਾ ਸਨਮਾਨ ਹੈ ਇਨਸਾਨੀਅਤ।

ਸਾਂਝ, ਪਿਆਰ ਤੇ ਇਤਫ਼ਾਕ ਦਾ ਸੋਹਣਾ ਸੁਮੇਲ ,
ਸਾਥ ਨਿਭਾਉਣ ਵਾਲਾ ਮਾਣ ਹੈ ਇਨਸਾਨੀਅਤ।

ਰੱਬ ਵੀ "ਕਲੇਰ" ਵਸਦਾ ਉਨ੍ਹਾਂ ਦਿਲਾਂ ਅੰਦਰ,
ਜਿੱਥੇ ਸਾਹ ਲੈਂਦੀ ਮਹਾਨ ਹੈ ਇਨਸਾਨੀਅਤ।




## ਮੌਤ ਚੰਗੀ ਆ

ਪਿਛਲੇ ਇਕ ਮਹੀਨੇ ਤੋਂ ਮੈਂ ਮਲੇਰੀਆ ਨਾਲ ਪੀੜਤ ਸਾਂ। ਇਸ ਸਮੇਂ ਦੌਰਾਨ ਮੇਰੀ ਭੂਆ ਦੇ ਸਭ ਤੋਂ ਛੋਟੇ ਲੜਕੇ ਜਸਵੀਰ ਦੀ ਮੌਤ ਹੋ ਗਈ ਸੀ। ਸਿਹਤ ਠੀਕ ਨਾ ਹੋਣ ਕਾਰਨ ਮੈਂ ਨਾ ਤਾਂ ਉਸ ਦੇ ਸਸਕਾਰ ਤੇ ਅਤੇ ਨਾ ਹੀ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਸਕਿਆ ਸਾਂ। ਅੱਜ ਕੁਝ ਚੰਗਾ ਮਹਿਸੂਸ ਕਰ ਰਿਹਾ ਸਾਂ। ਇਸ ਕਰਕੇ ਮੈਂ ਜਸਵੀਰ ਦੀ ਮੌਤ ਦਾ ਅਫਸੋਸ ਕਰਨ ਲਈ ਉਸ ਦੇ ਘਰ ਪਹੁੰਚ ਗਿਆ ਸਾਂ। ਮੈਨੂੰ ਆਇਆ ਦੇਖ ਕੇ ਜਸਵੀਰ ਦਾ ਮੁੰਡਾ ਮੇਰੀ ਭੂਆ ਦੇ ਵੱਡੇ ਲੜਕੇ ਨੂੰ ਵੀ ਸੱਦ ਲਿਆਇਆ। ਉਸ ਨੇ ਅਫਸੋਸ ਦੀਆਂ ਗੱਲਾਂ ਕਰਦਿਆਂ ਆਖਿਆ," ਮਾਸਟਰ ਜੀ, ਤੁਹਾਨੂੰ ਪਤਾ ਹੀ ਆ, ਮੇਰਾ ਛੋਟਾ ਭਰਾ ਪਿਛਲੇ ਚਾਰ ਸਾਲ ਤੋਂ ਚੂਲਾ ਟੁੱਟਣ ਕਰਕੇ ਮੰਜੇ ਤੇ ਪਿਆ ਸੀ। ਉਹ ਨਾ ਤਾਂ ਤੁਰ ਸਕਦਾ ਸੀ, ਨਾ ਚੰਗੀ ਤਰ੍ਹਾਂ ਬੈਠ ਸਕਦਾ ਸੀ। ਉਹ ਟੱਟੀ, ਪੇਸ਼ਾਬ ਮੰਜੇ ਤੇ ਹੀ ਕਰਦਾ ਸੀ। ਉਸ ਦੀ ਪਤਨੀ ਤੇ ਬੱਚਿਆਂ ਨੂੰ ਹੀ ਪਤਾ ਆ, ਉਨ੍ਹਾਂ ਨੇ ਚਾਰ ਸਾਲ ਕਿਵੇਂ ਗੁਜ਼ਾਰੇ ਆ। ਉਹ ਉਸ ਨੂੰ ਦਿਨ ਨੂੰ ਵੀ ਸੰਭਾਲਦੇ ਸਨ ਤੇ ਰਾਤ ਨੂੰ ਵੀ। ਫੇਰ ਘਰ ਦਾ ਸਾਰਾ ਕੰਮ ਵੀ ਕਰਦੇ ਸਨ। ਹੁਣ ਤਾਂ ਉਸ ਦੇ ਸਰੀਰ ਤੇ ਟਾਕੀਆਂ ਵੀ ਪੈ ਗਈਆਂ ਸਨ। ਲੋਕ ਕਹਿੰਦੇ ਆ, ਮੌਤ ਮਾੜੀ ਆ ਪਰ ਮੈਂ ਕਹਿੰਨਾਂ, ਮੌਤ ਚੰਗੀ ਆ ਜਿਸ ਨੇ ਮੇਰੇ ਛੋਟੇ ਭਰਾ ਨੂੰ ਇਸ ਨਰਕ ਭਰੀ ਜ਼ਿੰਦਗੀ ਚੋਂ ਕੱਢ ਦਿੱਤਾ ਆ।" ਜਸਵੀਰ ਦੇ ਸਸਕਾਰ ਤੇ ਅਤੇ ਅੰਤਮ ਅਰਦਾਸ ਵਿੱਚ ਸ਼ਾਮਲ ਨਾ ਹੋਣ ਦਾ ਜਿਹੜਾ ਬੋਝ ਮੇਰੇ ਮਨ ਤੇ ਸੀ, ਉਹ ਆਪਣੀ ਭੂਆ ਦੇ ਵੱਡੇ ਲੜਕੇ ਦੀਆਂ ਭਾਵਪੂਰਤ ਗੱਲਾਂ ਸੁਣ ਕੇ ਲਹਿ ਗਿਆ ਸੀ।




## ਸੱਚ ਦਾ ਪੈਗ਼ਾਮ ਚੋਰੀ

ਰਾਮ ਮੰਦਰ ਤੋਂ ਚੜ੍ਹਾਵਾ ਚੋਰੀ।
ਗਊਆਂ ਦਾ ਗੁਤਾਵਾ ਚੋਰੀ।
ਜਤੀਆਂ ਦਾ ਜਤ ਚੋਰੀ
ਅਬਲਾਵਾਂ ਦਾ ਸਤ ਚੋਰੀ,
ਯੋਗੀਆਂ ਦਾ ਹਠ ਚੋਰੀ,
ਨਾਥਾਂ ਦੇ ਮੱਠ ਚੋਰੀ,
ਇੱਧਰ ਚੋਰੀ ਉੱਧਰ ਚੋਰੀ,
ਤੇਰਾ ਚੋਰੀ ਮੇਰਾ ਚੋਰੀ,
ਆਹ ਚੋਰੀ ਔਹ ਚੋਰੀ,
ਚੋਰੀ ਚੋਰੀ ਵਿੱਚ ਹੀ ਦੇਸ਼ ਦਾ ਸਨਮਾਨ ਚੋਰੀ।
ਚੋਰ ਚੋਰੀ ਮਨ ਵਸੀ, ਸੱਚ ਦਾ ਪੈਗਾਮ ਚੋਰੀ।

ਗੱਭਰੂਆਂ ਦਾ ਰੋਜਗਾਰ ਚੋਰੀ।
ਬਜ਼ੁਰਗਾਂ ਦਾ ਸਤਿਕਾਰ ਚੋਰੀ।
ਮਾਵਾਂ ਦੇ ਲਾਲ ਚੋਰੀ।
ਹਸਪਤਾਲੋਂ ਬਾਲ ਚੋਰੀ।
ਮੁਰਦਾਘਰੋਂ ਲਾਸ਼ ਚੋਰੀ।
ਸਿਵਿਆਂ ਵਿੱਚੋਂ ਰਾਖ ਚੋਰੀ।
ਕੁੱਤਿਆਂ ਗਲੋਂ ਜ਼ੰਜੀਰ ਚੋਰੀ।
ਰਾਖਿਆਂ ਦੀ ਜਮੀਰ ਚੋਰੀ,
ਖੁਦਕੁਸ਼ਾਂ ਦੇ ਸਾਹਮਣੇ ਹੀ,
ਮੌਤ ਦਾ ਸਮਾਨ ਚੋਰੀ।
ਚੋਰ ਚੋਰੀ ਮਨ ਵਸੀ, ਸੱਚ ਦਾ ਪੈਗਾਮ ਚੋਰੀ।

ਮੀਡੀਆ ਦੀ ਜੁਬਾਨ ਚੋਰੀ,
ਸੰਸਦ ਤੋਂ ਸੰਵਿਧਾਨ ਚੋਰੀ,
ਅਦਾਲਤ ਵਿੱਚੋਂ ਇਨਸਾਫ਼ ਚੋਰੀ।
ਗੰਗਾ 'ਚੋਂ ਜਲ ਸਾਫ ਚੋਰੀ
ਅਸਲਾ ਖਾਨਿਉਂ ਅਸਲਾ ਚੋਰੀ।
ਕਿਸਾਨ ਦੇ ਖੇਤੋਂ ਫਸਲਾਂ ਚੋਰੀ।
ਤਗਮਿਆਂ ਨੂੰ ਜਿੱਤਣ ਵਾਲੇ,
ਅਖਾੜ੍ਹਿਓਂ ਭਲਵਾਨ ਚੋਰੀ।
ਚੋਰ ਚੋਰੀ ਮਨ ਵਸੀ, ਸੱਚ ਦਾ ਪੈਗਾਮ ਚੋਰੀ।

ਅਣਖੀ ਵਜ਼ੀਰ ਚੋਰੀ
ਦੇਸ਼ ਦੀ ਤਕਦੀਰ ਚੋਰੀ।
ਈਵੀਐਮ ਮਸ਼ੀਨ ਚੋਰੀ।
ਦੇਸ਼ ਦੀ ਜਮੀਨ ਚੋਰੀ
ਹਾਕਮਾਂ ਦੀ ਮੱਤ ਚੋਰੀ,
ਪਰਜਾ ਦੀ ਪੱਤ ਚੋਰੀ।
ਬੈਂਕਾਂ ਵਿੱਚੋਂ ਨੋਟ ਚੋਰੀ।
ਵੋਟਰਾਂ ਦੀ ਵੋਟ ਚੋਰੀ।
ਭੱਕੂ ਮਾਜਰਾ ਚੋਰੀ ਨੂੰ ਛੁਪਾਉਣ ਲਈ,
ਲੋਕਤੰਤਰ ਦੀ ਸ਼ਾਨ ਚੋਰੀ।
ਚੋਰ ਚੋਰੀ ਮਨ ਵਸੀ, ਸੱਚ ਦਾ ਪੈਗਾਮ ਚੋਰੀ।




## ਕਦੀ ਏਸ ਟਾਹਣੀ ਉੱਤੇ

ਕਦੀ ਏਸ ਟਾਹਣੀ ਉੱਤੇ ਕਦੀ ਓਸ ਟਾਹਣੀ ਉੱਤੇ।
ਤੂੰ ਤਾਂ ਜੰਮਿਆ ਏਂ ਯਾਰਾ ! ਕਿਸੇ ਬੇਚੈਨ ਰੁੱਤੇ।।
ਕਦੀ ਏਸ ਟਾਹਣੀ ਉੱਤੇ----------------।

ਤੇਰੀ ਤੋਤੇ ਜਿਹੀ ਆਦਤ ਰੁਆਇਆ ਸਾਨੂੰ ਬੜਾ।
ਅੱਖਾਂ ਫੇਰ ਗਿਆ ਬੇਦਰਦਾ! ਤੂੰ ਝੱਟ ਖੜ੍ਹਾ ਖੜ੍ਹਾ।
ਸਾਡੀ ਸਧਰਾਂ ਦੇ ਕੱਲੇ ਕੱਲੇ ਅੰਬ ਤੂੰ ਨੇ ਟੁੱਕੇ।
ਕਦੀ ਏਸ ਟਾਹਣੀ ਉੱਤੇ ----------------।

ਅਸੀਂ ਤੇਰੀਆਂ ਰਾਹਾਂ ਚ ਖੜ੍ਹੇ ਰੁੱਖ ਹੋ ਗਏ।
ਹਰੇ ਭਰੇ ਸਾਂ, ਕਰੀਰ ਅਸੀਂ ਸੁੱਕ ਹੋ ਗਏ।
ਹੁਣ ਲੱਗਦੈ ਕਿ ਜਿਵੇਂ ਸਾਡੇ ਸਾਹ ਸੱਤ ਮੁੱਕੇ।
ਕਦੀ ਏਸ ਟਾਹਣੀ ਉੱਤੇ----------------।

ਸਾਡੀ ਅੱਖੀਆਂ ਚੋ ਸਾਉਣ ਰੋਜ਼ ਛੱਮ ਛੱਮ ਵਰੇ।
ਕੋਈ ਕਿੰਨੇ ਹਰਜਾਨੇ ਤੇਰੇ ਇਸ਼ਕੇ ਦੇ ਭਰੇ।
ਤੇਰਾ ਆਇਆ ਨਾ ਜਵਾਬ ਭੇਜੇ ਪੌਣਾਂ ਹੱਥ ਰੁੱਕੇ।
ਕਦੀ ਏਸ ਟਾਹਣੀ ਉੱਤੇ ----------------।

ਮੇਰੀ ਥਲਾਂ ਜਿਹੀ ਪਿਆਸ ਤੇ ਤੂੰ ਘਟਾ ਘਨਘੋਰ।
ਵਰੇਂ ਸਾਗਰਾਂ ਤੇ ਜਾਕੇ ,ਸਾਡੇ ਪੱਲੇ ਪਾਵੇਂ ਸ਼ੋਰ।
ਤੇਰੀ ਦੀਦ ਦੇ ਪਿਆਸੇ, ਰੋ ਰੋ ਸਾਰਦੇ ਹਾਂ ਬੁੱਤੇ।
ਕਦੀ ਏਸ ਟਾਹਣੀ ਉੱਤੇ-----------------।

ਫਿਰੇ ਜੱਗ 'ਚ ਇਕੱਲਾ ਜਗਦੀਸ਼ ਨਿੰਮੋਝਾਣਾ।
ਤੇਰੇ ਮਾਰਿਆਂ ਨੂੰ ਹੋਰ ਕਿੱਥੇ ਮਿਲੂਗਾ ਟਿਕਾਣਾ।
ਸਿਰ ਠੋਕਰਾਂ ਤੇ ਆ ਜੇ ਕੋਈ ਏਨਾ ਵੀ ਨਾ ਝੁੱਕੇ।
ਕਦੀ ਏਸ ਟਾਹਣੀ ਉੱਤੇ----------------।




## ਦੋ ਚਾਰ ਦਿਨਾਂ ਦਾ ਮੇਲਾ

ਦੋ ਚਾਰ ਦਿਨਾਂ ਦਾ ਮੇਲਾ ਜੱਗ ਤੇ ਮੁੱਕ ਜਾਣਾ
ਦਰ ਅੱਜ ਨਹੀਂ ਤਾਂ ਕੱਲ ਮੌਤ ਨੇ ਢੁੱਕ ਜਾਣਾਂ

ਰੱਬ ਦੀ ਰਜ਼ਾ ਨੂੰ ਭੁੱਲ ਗਿਆ ਬੰਦਿਆ
ਮੋਹ ਮਾਇਆ ਤੇ ਡੁੱਲ ਗਿਆ ਬੰਦਿਆ
ਤੇਰੀ ਜ਼ਿੰਦਗੀ ਵਾਲਾ ਬਾਗ਼ ਏ ਆਖਿਰ ਸੁੱਕ ਜਾਣਾ
ਦਰ ਅੱਜ ਨਹੀਂ ਤਾਂ ਕੱਲ ਮੌਤ ਨੇ ਢੁੱਕ ਜਾਣਾਂ

ਜਿਹਨਾਂ ਉੱਤੇ ਮਾਣ ਤੂੰ ਕਰਦਾਂ
ਜਿਹਨਾਂ ਲਈ ਦਿਨ ਰਾਤ ਤੂੰ ਮਰਦਾਂ
ਜਦੋਂ ਪਿਆ ਤੇਰੇ ਤੇ ਵਕਤ ਉਨ੍ਹਾਂ ਵੀ ਲੁੱਕ ਜਾਣਾ
ਦਰ ਅੱਜ ਨਹੀਂ ਤਾਂ ਕੱਲ ਮੌਤ ਨੇ ਢੁੱਕ ਜਾਣਾ

ਚਲਣਾਂ ਨਾ ਤੇਰਾ ਕੋਈ ਚਾਰਾ ਏਥੇ
ਕੋਈ ਨਾ ਤੇਰਾ ਸਹਾਰਾ ਏਥੇ
ਉਹਨੇ ਫ਼ੈਜ਼ ਹੈ ਪਾਉਣਾ ਜਿਹਨੇ ਝੁੱਕ ਜਾਣਾ
ਦਰ ਅੱਜ ਨਹੀਂ ਤਾਂ ਕੱਲ ਮੌਤ ਨੇ ਢੁੱਕ ਜਾਣਾ

ਜਦ ਮੌਤ ਲੈਣਾ ਹੈ ਘੇਰ ਤੇਨੂੰ
ਰਾਹ ਲੱਭਣਾ ਨਹੀਂ ਕੋਈ ਫੇਰ ਤੇਨੂੰ
ਇਹ ਕਾਫ਼ਲਾ ਜ਼ਿੰਦਗੀ ਵਾਲਾ ਸਦਾ ਲਈ ਰੁੱਕ ਜਾਣਾ
ਦਰ ਅੱਜ ਨਹੀਂ ਤਾਂ ਕੱਲ ਮੌਤ ਨੇ ਢੁੱਕ ਜਾਣਾ

ਤੂੰ ਜਸਵੀਰ ਦਾ ਮੰਨ ਲੈ ਕਹਿਣਾ
ਸਿੱਖ ਲੈ ਰੱਬ ਦੀ ਰਜ਼ਾ ਚ ਰਹਿਣਾ
ਤੇਨੂੰ ਕੋਈ ਫਾਇਦਾ ਨਈ ਹੋਣਾ ਜੇ ਤੂੰ ਉੱਕ ਜਾਣਾ
ਦਰ ਅੱਜ ਨਹੀਂ ਤਾਂ ਕੱਲ ਮੌਤ ਨੇ ਢੁੱਕ ਜਾਣਾ




## ਰੱਬ ਦੀ ਇਬਾਦਤ

ਵਿੱਚ ਦੁਨੀਆਂ ਮੈਨੂੰ ਭੇਜਿਆ ਰੱਬ ਨੇ
ਆਪਣਾ ਨਾਮ ਜਪਾਉਣ ਲਈ
ਤੇ ਚੰਗੇ ਕਰਮ ਕਮਾਉਣ ਲਈ।
ਵੇਖੋ ਉਸ ਮਾਲਕ ਦਾ ਕੌਤਕ
ਕਿਵੇਂ ਗਰਭ ਚਮੈਨੂੰ ਪਾਇਆ ਸੀ
ਦੇ ਸੁਆਸਾਂ ਦੀ ਮਾਲਾ ਓਹਨੇ
ਆਪਣਾ ਨਾਮ ਜਪਾਇਆ ਸੀ।
ਹੁਕਮ ਹੋਇਆ ਉਸ ਮਾਲਕ ਦਾ
ਵਿੱਚ ਦੁਨੀਆਂ ਦੇ ਆਇਆ ਮੈਂ।
ਬਾਲ ਅਵਸਥਾ ਸੁੱਖ ਵਿੱਚ ਗੁਜਰੀ
ਜਦ ਵਿੱਚ ਜ਼ੋਬਨ ਦੇ ਆਇਆ ਮੈਂ।
ਪੰਜ ਵਿਕਾਰਾਂ ਵੱਸ ਕਰ ਮੈਨੂੰ
ਆਪਣਾ ਰੰਗ ਵਿਖਾਇਆ ਸੀ।
ਰੱਬ ਨੂੰ ਮਨੋਂ ਭੁਲਾਇਆ ਮੈ
ਭੁੱਲਿਆ ਕਿਸ ਮਕਸਦ ਲਈ ਆਇਆ
ਆਪਣਿਆਂ ਵਿੱਚ ਮੋਹ ਵਧਾਇਆ।
ਰਹਿੰਦੇ ਚੌਥੇ ਪਹਿਰ ਵਿੱਚ ਮੈਨੂੰ
ਆ ਮੌਤ ਨੇ ਘੇਰਾ ਪਾਇਆ ਸੀ।
ਰੋ ਰੋ ਸਾਰੇ ਟੱਬਰ ਨੇ
ਵਿੱਚ ਵਿਹੜੇ ਮੰਜਾ ਡਾਹਿਆ ਸੀ
ਸਾਕ ਸੰਬੰਧੀ ਆ ਕਹਿੰਦੇ ਸਾਰੇ,
ਰੱਬਾ ਕਿਉਂ ਵਿਖਾਏ ਦਿਨ ਮਾੜੇ।
ਭਾਣਾ ਕਹਿੰਦੇ ਮੰਨਣਾ ਪੈਣਾ,
ਬੈਠੇ ਏਥੇ ਸਦਾ ਨਹੀਂ ਰਹਿਣਾ

ਸ਼ਾਮ ਢਲੀ ਤਾ ਕਰੀ ਤਿਆਰੀ.
ਆਈ ਮੇਰੇ ਜਾਣ ਦੀ ਵਾਰੀ।
ਉੱਚੀ- ਉੱਚੀ ਹਾਕਾਂ ਮਾਰਾਂ,
ਸਭ ਨੂੰ ਪਿਆ ਮੈਂ ਪੁਕਾਰਾਂ।
ਰੱਬ ਨੇ ਐਸਾ ਖੇਡ ਰਚਾਇਆ
ਜ਼ੋਰ ਦਾ ਮੈਨੂੰ ਝੱਟਕਾ ਆਇਆ।
ਅੱਖ ਖੁੱਲ੍ਹੀ ਤਾਂ ਉੱਠ ਕੇ ਬੈਠਾ
ਸਭ ਕੁਝ ਨਜ਼ਰੀ ਆਇਆ ਸੀ.
ਤੋਬਾ ਕੀਤੀ ਸੱਚੇ ਰੱਬ ਅੱਗੇ,
ਕਦੇ ਨਾ ਤੈਨੂੰ ਭੁਲਾਵਾਂਗਾਂ।
'ਪ੍ਰੀਤ'ਜਿਨ੍ਹਾਂ ਚਿਰ ਸੁਆਸ ਨੇ ਮੇਰੇ
ਤੇਰਾ ਨਾਮ ਧਿਆਵਾਂਗਾਂ,
ਤੇਰੇ ਹੀ ਗੁਣ ਗਾਵਾਂਗਾਂ।




## ਇਹ ਮੈਂ ਹਾਂ

ਸਵੇਰ ਦਾ ਪਹਿਲਾ ਪੰਛੀ
ਜਦ ਅਸਮਾਨ ਵੱਲ ਉਡਾਰੀ ਭਰਦਾ ਹੈ,
ਲੱਗਦਾ ਹੈ
ਮੇਰੇ ਹੀ ਸੁਪਨਿਆਂ ਨੂੰ ਪਰ ਲੱਗ ਗਏ ਹਨ।
ਵਗਦੀ ਨਦੀ
ਕਦੇ ਰਾਹ ਨਹੀਂ ਪੁੱਛਦੀ,
ਉਹ ਤਾਂ ਸਿਰਫ਼ ਵਗਦੀ ਹੈ।
ਉਸਦੇ ਹਰ ਮੋੜ ਵਿੱਚ
ਮੈਨੂੰ ਆਪਣੀ ਹੀ ਜ਼ਿੰਦਗੀ ਦਾ ਸਫ਼ਰ ਦਿਸਦਾ ਹੈ।
ਟਾਹਣੀ ਤੋਂ ਟਾਹਣੀ
ਛਾਲਾਂ ਮਾਰਦੀ ਗਿੱਲਹਰੀ
ਮੈਨੂੰ ਸਿਖਾਉਂਦੀ ਹੈ
ਕਿ ਭਰੋਸਾ ਡਰ ਨਾਲੋਂ ਵੱਡਾ ਹੁੰਦਾ ਹੈ।
ਰਾਤ ਦੇ ਤਾਰਿਆਂ ਨੂੰ ਵੇਖਦਾ ਹਾਂ,
ਲੱਗਦਾ ਹੈ
ਉਹ ਚੁੱਪ ਨਾਲ ਗੱਲਾਂ ਕਰ ਰਹੇ ਹਨ।
ਸਮੁੰਦਰ ਦੀਆਂ ਲਹਿਰਾਂ
ਅਸਮਾਨ ਨੂੰ ਛੂਹਣ ਦੀ ਕੋਸ਼ਿਸ਼ ਕਰਦੀਆਂ ਹਨ,
ਜਿਵੇਂ ਧਰਤੀ
ਅੰਬਰ ਨੂੰ ਗਲੇ ਲਗਾਉਣਾ ਚਾਹੁੰਦੀ ਹੋਵੇ।
ਕੁਝ ਲਹਿਰਾਂ
ਸਮੁੰਦਰ ਤੋਂ ਦੂਰ ਨਿਕਲਣਾ ਚਾਹੁੰਦੀਆਂ ਹਨ,
ਪਰ ਆਖ਼ਿਰ
ਹਰ ਲਹਿਰ
ਆਪਣੇ ਹੀ ਸਮੁੰਦਰ ਵਿੱਚ ਮੁੜ ਆ ਜਾਂਦੀ ਹੈ।
ਉਦੋਂ ਸਮਝ ਆਉਂਦੀ ਹੈ—
ਅਸੀਂ ਵੀ ਤਾਂ ਲਹਿਰਾਂ ਹੀ ਹਾਂ।

ਘਰ ਛੱਡਦੇ ਹਾਂ,
ਰਾਹ ਬਣਾਉਂਦੇ ਹਾਂ,
ਸੁਪਨੇ ਬੁਣਦੇ ਹਾਂ,
ਡਿੱਗਦੇ ਹਾਂ,
ਉੱਠਦੇ ਹਾਂ,
ਤੇ ਇੱਕ ਦਿਨ...
ਆਪਣੇ ਹੀ ਅੰਦਰ ਵਾਪਸ ਆ ਜਾਂਦੇ ਹਾਂ।
ਪਹਾੜ
ਮੇਰਾ ਸਬਰ ਹਨ।
ਨਦੀ
ਮੇਰਾ ਵਹਾਅ ਹੈ।
ਰੁੱਖ
ਮੇਰੀਆਂ ਜੜ੍ਹਾਂ ਹਨ।
ਹਵਾ
ਮੇਰੀ ਆਜ਼ਾਦੀ ਹੈ।
ਮੀਂਹ
ਮੇਰੀ ਕਰੁਣਾ ਹੈ।
ਸੂਰਜ ਚੜ੍ਹਨਾ
ਮੇਰੀ ਆਸ ਹੈ।
ਸੂਰਜ ਡੁੱਬਣਾ
ਮੇਰਾ ਸਮਰਪਣ ਹੈ।
ਮੈਂ ਕੁਦਰਤ ਤੋਂ ਵੱਖਰਾ ਨਹੀਂ।
ਮੈਂ ਉਸੇ ਦਾ ਇੱਕ ਸਾਹ ਹਾਂ।
ਹਰ ਪੱਤਾ
ਮੇਰਾ ਨਾਂ ਜਾਣਦਾ ਹੈ।
ਹਰ ਪੰਛੀ
ਮੇਰਾ ਗੀਤ ਗਾਂਦਾ ਹੈ।
ਹਰ ਨਦੀ
ਮੇਰੀ ਕਹਾਣੀ ਵਗਾਉਂਦੀ ਹੈ।

ਹਰ ਤਾਰਾ
ਮੇਰੇ ਅੰਦਰ ਰੌਸ਼ਨੀ ਜਗਾਉਂਦਾ ਹੈ।
ਹਰ ਲਹਿਰ
ਮੈਨੂੰ ਮੇਰੇ ਘਰ ਦੀ ਯਾਦ ਦਿਵਾਉਂਦੀ ਹੈ।
ਇਹ ਅਹੰਕਾਰ ਨਹੀਂ
ਕਿ ਸਭ ਕੁਝ ਮੈਂ ਹਾਂ।
ਇਹ ਤਾਂ ਨਿਮਰਤਾ ਹੈ
ਕਿ ਮੈਂ ਉਸੇ ਬੇਅੰਤ ਕੁਦਰਤ,
ਉਸੇ ਚੇਤਨਾ,
ਉਸੇ ਬ੍ਰਹਿਮੰਡ ਦਾ
ਇੱਕ ਨਿੱਕਾ ਜਿਹਾ ਅੰਸ਼ ਹਾਂ।
ਜਦ ਮੈਂ ਆਪਣੇ ਆਪ ਨੂੰ ਜਾਣ ਲੈਂਦਾ ਹਾਂ,
ਦੁਨੀਆ ਨਹੀਂ ਬਦਲਦੀ,
ਮੇਰੀ ਨਿਗਾਹ ਬਦਲ ਜਾਂਦੀ ਹੈ।
ਫਿਰ ਜਿੱਥੇ ਵੀ
ਪਿਆਰ ਖਿੜਦਾ ਹੈ,
ਜ਼ਿੰਦਗੀ ਮੁਸਕਰਾਉਂਦੀ ਹੈ,
ਚੁੱਪ ਵੀ ਸੰਗੀਤ ਬਣ ਜਾਂਦੀ ਹੈ,
ਤੇ ਕੁਦਰਤ ਮੈਨੂੰ ਆਪਣੀ ਗੋਦ ਵਿੱਚ ਲੈ ਲੈਂਦੀ ਹੈ—
ਮੈਂ ਹੌਲੀ ਜਿਹੀ ਮੁਸਕਰਾਹਟ ਨਾਲ ਕਹਿੰਦਾ ਹਾਂ...
ਇਹ ਮੈਂ ਹਾਂ।
ਇਹ ਤੂੰ ਹੈਂ।
ਇਹ ਅਸੀਂ ਹਾਂ।
ਇਹੀ ਸਾਰਾ ਬ੍ਰਹਿਮੰਡ ਹੈ।




## ਹੰਕਾਰ

ਮੈਂ ਹਰ ਪੱਥਰ ਉੱਪਰ ਲਿਖਿਆ
ਉਸਦਾ ਨਾਮ ਸੀ „
ਉਹ ਸਮੁੰਦਰ ਵਿੱਚ ਹਰ ਪੱਥਰ
ਸੁੱਟਦਾ ਰਿਹਾ ॥

ਉਹ ਸਾਡੇ ਵੱਲ ਵੇਖਿਆ ਨਾ
ਪਲਟ ਕੇ „
ਉਹ ਪਤਾਲ਼ ਵਿੱਚੋਂ ਗੈਰਾਂ ਦੇ
ਚਿਹਰੇ ਲੱਭਦਾ ਰਿਹਾ ॥

ਮੈਂ ਰੱਖਦੀ ਆਪਣੇ ਸਾਹਾਂ 'ਚ
ਉਸਦੇ ਸਾਹਾਂ ਦੀ ਉਡੀਕ ਨੀ „
ਉਹ ਗੈਰਾਂ ਦੇ ਸਾਹਾਂ 'ਚ ਹੁੰਗਾਰਾ
ਭਰਦਾ ਰਿਹਾ ॥

ਮੇਰੇ ਸ਼ਾਹ ਰੁਕਦੇ ਰੁਕਦੇ ਰੁਕ
ਗਏ „
ਉਹ ਤਾਂ ਗੈਰਾਂ ਕੋਲ਼ੋਂ ਸਿਰਨਾਵੇਂ
ਪੁੱਛਦਾ ਰਿਹਾ ॥

ਮੈਂ ਗੈਹਰੇ ਜਖਮ ਆਪਣੇ ਫਰੋਲ
ਦੀ ਰਹੀ „
ਉਹ ਗੈਰਾਂ ਦਿਆਂ ਜ਼ਖ਼ਮਾਂ ਉੱਪਰ
ਮੱਲਮ ਪੱਟੀ ਕਰਦਾ ਰਿਹਾ ॥

ਅੱਖੀਂਓ ਡਿੱਗਦੀ ਰੱਤ ਨਾਲ ਮੈਂ
ਲਿਖਦੀ ਅਲਫਾਜ ਰਹੀ „
ਉਹ ਨਗ਼ਮੇ ਬਣਾਕੇ ਗੈਰਾਂ ਦੀ
ਸੇਜ ਤੇ ਰੱਖਦਾ ਰਿਹਾ ॥

ਮੈਂ ਰੱਬ ਬਣਾਕੇ ਮੁੱਦਤਾਂ ਤੋਂ ਉਸ
ਨੂੰ ਪੂਜ ਦੀ ਰਹੀ „
ਉਹ ਪਰਾਏ ਹੁਸੀਨ ਮੁਖੜੇ ਤੱਕ
ਦਾ ਰਿਹਾ ॥

ਮੈਂ ਸੋਹਣੀ ਬਣ ਉਹਦੇ ਇਸ਼ਕ 'ਚ
ਤਰਦੀ ਰਹੀ „
ਹਾਕਮ ਮੀਤ ਉਹ ਮਿਰਜਾ ਬਣਕੇ
ਹੰਕਾਰ ਕਰਦਾ ਰਿਹਾ ॥







**ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।**

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਾਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com


## ਚੰਨ

ਚੰਨ ਦੇ ਵਿੱਚ ਭਾਵੇਂ ਕਿੰਨੇ ਦਾਗ਼ ਐ,
ਫਿਰ ਵੀ ਉਸ ਵਿੱਚ ਕੁਝ ਤੇ ਖ਼ਾਸ ਐ।

ਸ਼ਾਇਰ ਉਸ 'ਤੇ ਸ਼ਾਇਰੀ ਕਰਦੇ,
ਪ੍ਰੀਤਮ ਉਸ ਵਿੱਚ ਪ੍ਰੇਮਿਕਾ ਤੱਕਦੇ।

ਕਵੀ ਵੀ ਉਸ ਨੂੰ ਨਜ਼ਮਾਂ ਚ ਦਸਦੇ,
ਪੰਛੀ ਚਕੋਰ ਵੀ ਉਸ ਨੂੰ ਸਜਦਾ ਕਰਦੇ।

ਭਾਵੇਂ ਹੋਵੇ ਕਰਵਾ ਜਾਂ ਹੋਵੇ ਈਦ,
ਲੋਕੀ ਚੰਨ ਨੂੰ ਰੱਬ ਸਮਝਦੇ।

ਚੰਨ ਦੀ ਚਾਨਣੀ ਵੀ ਉਧਾਰ ਐ,
ਫਿਰ ਵੀ ਉਸ ਦਾ ਜਲਵਾ ਬੇਮਿਸਾਲ ਐ।




## ਗ਼ਜ਼ਲ

ਹਨੇਰਾ ਕਾਇਮ ਹੈ ਅਜੇ ,
ਅਜੇ ਤਾਂ ਰਾਤ ਬਾਕੀ ਹੈ ।
ਅਜੇ ਤਾਂ ਕਾਲਿਖਾਂ ਦੇ ਨਾਲ ,
ਕਰਨੀ ਬਾਤ ਬਾਕੀ ਹੈ ।
ਅਜੇ ਜੁਗਨੂੰ ਨੇ ਇਕ ,
ਚਾਨਣ ਦੀ ਲੀਕ ਛੱਡੀ ਹੈ ।
ਤੁਸੀਂ ਹੁਣ ਵੇਖਦੇ ਜਾਇਓ ,
ਹੋਣੀ ਪ੍ਰਭਾਤ ਬਾਕੀ ਹੈ ।
ਅਜੇ ਹੱਕਾਂ ਲਈ ਲੜਦੇ ਨੇ,
ਕਾਮੇ ਤੇ ਕਿਸਾਨ ਰਲ ਕੇ ।
ਅਜੇ ਤਾਂ ਹਾਕਮ ਨੂੰ ਉਸ ਦੀ ,
ਦਿਖਾਉਣੀ ਔਕਾਤ ਬਾਕੀ ਹੈ ।
ਅਜੇ ਹਰ ਰਾਹ ਵਿੱਚ ਰੋਕਾਂ ਨੇ ,
ਖੂਨ ਚੂਸਦੀਆਂ ਇਹ ਜੋਕਾਂ ਨੇ ।
ਇਹਨਾਂ ਜੋਕਾਂ ਨੂੰ ਜੋ ਬਣਦੀ,
ਦੇਣੀ ਸੌਗਾਤ ਬਾਕੀ ਹੈ ।
ਹਨੇਰਾਂ ਕਾਇਮ ਹੈ ਅਜੇ ,
ਅਜੇ ਤਾਂ ਰਾਤ ਬਾਕੀ ਹੈ ।




## ਸਾਉਣ ਦਾ ਮਹੀਨਾ

ਸਾਉਣ ਮਹੀਨਾ ਭਾਗਾਂ ਵਾਲਾ,
ਚਾਰ ਚੁਫੇਰੇ ਰੌਣਕ ਛਾਈ ।
ਗਰਮੀ ਕੋਲੋਂ ਖਹਿੜਾ ਛੁੱਟਾ,
ਰੁੱਤ ਵਰਖਾ ਦੀ ਸਭ ਨੂੰ ਭਾਈ।
ਕਾਲੀ ਘਟ ਘਨਘੋਰ ਦੇਖ ਕੇ,
ਜਾਂਦੇ ਮੋਰ ਨੇ ਪੈਲਾਂ ਪਾਈ।
ਕੁਦਰਤ ਰਾਣੀ ਝੂੰਮੀ ਜਾਵੇ,
ਕਿਣਮਿਣ-ਕਿਣਮਣ ਛਹਿਬਰ ਲਾਈ।
ਠੰਡੀ ਪੌਣ ਪੂਰੇ ਦੀ ਸ਼ੂਕੇ,
ਬਾਗਾਂ ਦੇ ਵਿੱਚ ਕੋਇਲ ਕੂਕੇ ,
ਡੱਡੂ ਮੋਰ ਪਪੀਹੇ ਜਾਵਣ,
ਖੀਵੇ ਹੋ-ਹੋ ਰਾਗ ਸੁਣਾਈ।
ਨਿੱਕੇ-ਨਿੱਕੇ ਬਾਲ ਨਿਆਣੇ,
ਖੁਸ਼ੀਆਂ ਦੇ ਵਿੱਚ ਗਾਉਂਦੇ ਗਾਣੇ,
ਛਮ-ਛਮ ਬੱਦਲ ਬਰਸਣ ਲੱਗੇ,
ਮੀਂਹ ਵਿੱਚ ਸਾਰੇ ਜਾਵਣ ਨ੍ਹਾਈ।
ਸੋਕੇ ਦੇ ਨਾਲ ਜੋ ਸਨ ਸੜੀਆਂ,
ਹੋਈਆਂ ਫਸਲਾਂ ਹਰੀਆਂ ਭਰੀਆਂ,
ਚਾਰੇ ਦੀ ਹੁਣ ਘਾਟ ਨਾ ਰਹਿਣੀ,
ਪਾਲੀ ਚਿਹਰੇ ਰੌਣਕ ਆਈ।
ਮੌਲਣ ਲੱਗੇ ਰੁੱਖ ਨੇ ਸਾਰੇ,
ਸਾਵਣ ਮਾਹ ਦੇ ਕਰ ਦੀਦਾਰੇ,

ਚਾਰ ਚੁਫੇਰੇ ਤੱਕਿਆ ਖੇੜਾ,
ਕੁਦਰਤ ਰਾਣੀ ਹੈ ਮੁਸਕਾਈ।
ਆਇਆ ਸਾਵਣ ਦਿਲ ਪਰਚਾਵਣ,
ਬਿਦ-ਬਿਦ ਸਖੀਆਂ ਬੋਲੀ ਪਾਵਣ,
ਨੂੰਹਾਂ ਧੀਆਂ ਪਿੜ ਵਿੱਚ ਨੱਚੀਆਂ,
ਅਰਸ਼ੀਂ ਪੀਂਘਾਂ ਜਾਣ ਚੜ੍ਹਾਈ।
ਝੁਰਦੀ ਬੈਠੀ ਨਵ ਵਿਆਹੀ,
ਦੂਰ ਗਿਆ ਹੈ ਜਿਸ ਦਾ ਮਾਹੀ,
ਸਾਵਣ ਰੁੱਤ ਪਿਆਰਾਂ ਵਾਲੀ,
ਉਸ ਲਈ ਆਈ ਜਾਂ ਨਾ ਆਈ ।
ਬਿਰਹੋਂ ਭਿੱਜੀ ਰੂਹ ਕੁਰਲਾਵੇ,
ਜਦ ਜਦ ਸ਼ਾਮ ਘਟਾ ਚੜ੍ਹ ਆਵੇ,
ਦਰਦ ਰੋਕਿਆਂ ਰੁਕਦਾ ਨਾਹੀਂ,
ਜਾਂਦੀ ਨੈਣੋਂ ਨੀਰ ਵਹਾਈ।
ਮਾਲ ਪੂੜੇ ਤੇ ਖੀਰਾਂ ਪੱਕਣ,
ਘਰ-ਘਰ ਬਣਨ ਪਦਾਰਥ ਛੱਤੀ,
ਬੱਚੇ-ਬੁੱਢੇ ਖਾ-ਖਾ ਰੱਜਣ ,
ਜੋ ਤਰਕਾਰੀ ਖਾਸ ਬਣਾਈ।

ਨਦੀਆਂ ਨਾਲੇ ਭਰ-ਭਰ ਵਗਦੇ,
ਪਾਣੀ ਚੱਲ ਪਹਾੜੋਂ ਆਏ,
ਜਦ ਵੀ ਹਾਲਤ ਹੜ੍ਹ ਦੀ ਬਣਦੀ,
ਮੱਚਦੀ ਹੈ ਫਿਰ ਹਾਲ ਦੁਹਾਈ।
ਸੌਣ ਸੁਹਾਣਾ ਬਚਪਨ ਵਾਲਾ,
ਹੁਣ ਤੂੰ ਕੀਕਣ ਜਿੰਦੇ ਲੱਭੇਂ,
ਕੁਦਰਤ ਸੰਗ ਖਿਲਵਾੜ ਜੋ ਕਰਿਆ,
ਜਾਵੇ ਅਪਣੇ ਰੰਗ ਵਿਖਾਈ।
ਆਦਿ ਜੁਗਾਦਿ ਤੋਂ ਸ਼ਾਇਰ ਲੇਖਕ,
ਜਾਂਦੇ ਸਾਵਣ ਨੂੰ ਵਡਿਆਈ,
ਕਾਲੀਏ ਰੀਤ ਅਗਾਂਹ ਨੂੰ ਤੋਰੀ,
ਸਾਉਣ ਦੀ ਮਹਿਮਾ ਗਾਈ।




## ਸਾਉਣ ਦਾ ਮਹੀਨਾ

ਸਾਉਣ ਦਾ ਮਹੀਨਾ ਸਾਨੂੰ ਬੜਾ ਲੱਗਦਾ ਪਿਆਰਾ।
ਨੱਚ ਟੱਪ ਗਲੀਆਂ 'ਚ ਆਵੇ ਨਹਾਉਣ ਦਾ ਨਜ਼ਾਰਾ।
ਕਾਲੀਆਂ ਘਟਾਵਾਂ ਵੇਖ, ਮਾਰਦੇ ਹਾਂ ਕਿਲਕਾਰੀਆਂ।
ਛੇਤੀ ਹੋਵੇ ਜਲ- ਥਲ, ਲਾਈਏ ਅਸੀਂ ਤਾਰੀਆਂ।
ਝੱਟ- ਪੱਟ ਸਾਂਭੀਏ,ਫਿਰ ਕਿਤਾਬਾਂ ਦਾ ਖਿਲਾਰਾ।
ਸਾਉਣ ਦਾ ਮਹੀਨਾ-----।
ਚਿੱਕੜ ਦੇ ਵਿੱਚ ਅਸੀਂ, ਜਾਣ ਬੁੱਝ ਤਿਲਕੀਏ।
ਘੂਰਨ ਜਦੋਂ ਘਰ ਦੇ,ਉਦੋਂ ਫਿਰ ਵਿਲਕੀਏ।
ਇੱਕੋ ਜਿਹਾ ਕਰ ਲਈਏ, ਅਸੀਂ ਮੂੰਹ ਮੱਥਾ ਸਾਰਾ।
ਸਾਉਣ ਦਾ ਮਹੀਨਾ------।
ਗੰਦੇ ਕੱਪੜੇ ਵੇਖ ਸਾਡੇ ਮੰਮੀ ਸਾਨੂੰ ਘੂਰਦੀ।
ਦਾਦੀ ਮਾਂ ਉਦੋਂ ਫਿਰ, ਪੱਖ ਸਾਡਾ ਪੂਰਦੀ।
ਮੰਮੀ ਨੱਕ ਬੁੱਲ੍ਹ ਚਾੜ੍ਹੇ ਜਦੋਂ ਲਾਹੇ ਸਾਥੋਂ ਗਾਰਾ।
ਸਾਉਣ ਦਾ ਮਹੀਨਾ------।
ਬੱਚਿਆਂ ਦਾ ਟੋਲਾ ਜਦੋਂ ਮੀਂਹ ਵਿੱਚ ਨਹਾਂਵਦਾ।
'ਤਲਵੰਡੀ' ਦੇ 'ਅਮਰੀਕ' ਨੂੰ ਬਚਪਨ ਯਾਦ ਆਂਵਦਾ।
ਬੈਠਾ ਸੋਚਦਾ ਹੈ ਰਹਿੰਦਾ ਬੱਚਾ ਬਣ ਜਾਂ ਦੁਬਾਰਾ।
ਸਾਉਣ ਦਾ ਮਹੀਨਾ------।




## ਸਾਵਣ

ਸਾਵਣ ਦੀ ਸੀ ਪਹਿਲੀ ਮਹੀਨਾ ਜੁਲਾਈ ਜੀ।
ਮਿਲਦੀ ਸੀ ਬਾਪੂ ਨੂੰ ਮਿਲਦੀ ਵਧਾਈ ਜੀ।
ਵੰਡਦਾ ਸੀ ਵਿਚ ਖੁਸ਼ੀ ਦੇ
ਵੰਡਦਾ ਮਠਿਆਈ ਜੀ।
ਪੈਰ ਨਾ ਧਰਤੀ ਤੇ ਲੱਗੇ
ਫਿਰਦਾ ਨਸ਼ਿਆਇਆ ਏ।
ਵੇਹੜੇ ਤਾਂ ਅੱਜ ਸਾਡੇ
ਸਾਵਣ ਜੀ ਆਇਆ ਏ।

ਹੋਇਆ ਸੀ ਸ਼ਰੀਕਾ ਇਕੱਠਾ
ਚਾਚੀਆਂ ਤੇ ਤਾਈਆਂ ਜੀ।
ਭੂਆ ਤੇ ਮਾਸੀਆਂ ਰਲਕੇ
ਰੌਣਕਾਂ ਲਾਈਆਂ ਜੀ।
ਦਾਦਕੇ ਤੇ ਨਾਨਕੇ ਰਲਕੇ
ਦੇਣ ਵਧਾਈਆਂ ਜੀ।
ਮਹੀਨਾ ਸੀ ਸਾਵਣ ਦਾ
ਨਾਮ ਸਾਵਣ ਰੱਖਾਇਆ ਏ।
ਵੇਹੜੇ ਤਾਂ ਸਾਡੇ -----

ਵੱਡਾ ਸੀ ਹੋਇਆ ਸਾਵਣ
ਪੜ੍ਹਨੇ ਸੀ ਪਾ ਦਿੱਤਾ।
ਪਹਿਲੇ ਹੀ ਦਿਨ ਸਾਵਣ
ਚੰਦ ਚੜ੍ਹਾ ਦਿੱਤਾ।
ਗੁੱਸੇ ਸੀ ਖੋਰਾ ਸਾਵਣ
ਬੱਚਾ ਬੜਕਾ ਦਿੱਤਾ।
ਹੋ ਗਈ ਸੀ ਪੰਚਾਇਤ ਇਕੱਠੀ
ਵਿਚ ਮੈਨੂੰ ਬਿਠਾਇਆ ਏ
ਵੇਹੜੇ ਜੀ ਸਾਡੇ -------

ਇਕ ਦਿਨ ਸੀ ਸਾਵਣ ਨੇ
ਝੜੀ ਲਗਾਈ ਸੀ।
ਪੂੜੇ ਤੇ ਖੀਰ ਰੀਝਾਂ
ਨਾਲ ਪਕਾਈ ਸੀ।
ਖਾਣ ਦੇ ਵਾਸਤੇ ਸਾਵਣ ਨੂੰ
ਆਵਾਜ਼ ਲਗਾਈ ਸੀ।
ਨਿਊਡਿਲ ਤੇ ਬਰਗਰ ਭੈੜਾ
ਬਜਾਰੋਂ ਲੈ ਆਇਆ ਏ
ਸਾਡੇ ਘਰ ਸਾਵਣ ਕਿਹੋ --

ਮੋਬਾਇਲ ਦਾ ਸਾਵਣ ਭੈੜਾ
ਖਹਿੜਾ ਉਹ ਛਡਦਾ ਨਹੀਂ।
ਕਿਹੜਾ ਉਹ ਦਿਨ
ਜਿੱਦਨ ਉਹ ਲੜਦਾ ਨਹੀਂ ।
ਸਾਡੇ ਤਾਂ ਕੋਲ ਚੰਦਰਾ
ਰਤਾ ਵੀ ਖੜਦਾ ਨਹੀਂ ।
ਮਾਪਿਆਂ ਦਾ ਪੁੱਤ ਲਾਡਲਾ
ਨਾ ਜਾਂਦਾ ਦਬਕਾਇਆ ਏ।
ਸਾਡੇ ਘਰ -----

ਰਿਸ਼ਤੇਦਾਰੀ ਚ ਸਾਨੂੰ
ਵਿਆਹ ਇਕ ਆਇਆ ਏ।
ਵਧੀਆ ਜਿਹਾ ਕੱਪੜਾ ਲੈ ਕੇ
ਸੂਟ ਸਾਵਣ ਲਈ ਸਵਾਇਆ ਏ।
ਪਾਟੀ ਹੋਈ ਪੈਂਟ ਜੀਨ ਦੀ
ਬਜ਼ਾਰੋਂ ਲੈ ਆਇਆ ਏ।
ਦੇਖ ਕੇ ਪੈਂਟ ਪਾਟੀ
ਗਲਾ ਭਰ ਆਇਆ ਏ।
ਸਾਡੇ ਘਰ -------

ਗਲ ਚ ਦੇ ਕੇ ਅਗੂਠਾ
ਗੱਲ ਆਪਣੀ ਮਨਾਉਂਦਾ ਏ
ਲੈ ਲਿਆ ਬੁਲਟ ਨਵਾਂ
ਪਟਾਕੇ ਉਹ ਪਾਉਂਦਾ ਏ।
ਕਾਲਜ ਦੀਆਂ ਕੁੜੀਆਂ ਪਿੱਛੇ
ਗੇੜੇ ਉਹ ਲਾਉਂਦਾ ਏ।
ਇਕ ਦਿਨ ਸੀ ਕਿਹਾ ਉਸਨੂੰ
ਵੱਢਣ ਨੂੰ ਆਇਆ ਏ ।
ਸਾਡੇ ਘਰ --------

ਲੱਗਦਾ ਏ ਹੋ ਗਿਆ ਸਾਵਣ
ਨਸ਼ਿਆਂ ਦਾ ਆਦੀ ਜੀ।
ਸਾਰੀ ਸੀ ਜ਼ਮੀਨ ਉਸ ਨੇ
ਵੇਚ ਕੇ ਖਾਧੀ ਜੀ।
ਕੁੜਿਕੀ 'ਚ ਜਾਨ ਸੀ '' 'ਗੈਂਦੂ'
ਆ ਗਈ ਸਾਡੀ ਜੀ।
ਜੰਮ ਕੇ ਸੀ ਮੈਂ ਇਸਨੂੰ
ਡਾਢਾ ਪਛਤਾਇਆ ਏ।
ਸਾਡੇ ਘਰ ਸਾਵਣ -----




## ਸਾਵਣ ਛਮ ਛਮ ਵਰਸਦਾ

ਸਾਵਣ ਆਇਆ ਝਿਮ ਝਿਮਾ ,
ਰੁੱਖ ਲਹਿ ਲਹਾਉਂਦੇ ।
ਚਮਕਾਂ ਮਾਰਨ ਬਿਜਲੀਆਂ,
ਪਏ ਮੇਘ ਡਰਾਉਂਦੇ।
ਮਾਰ ਛਰਾਟੇ ਆਂਵਦੇ ,
ਦਿਨ ਰਾਤ ਬਣਾਉਂਦੇ।
ਮੋਰ ਪਪੀਹੇ ਬੋਲਦੇ,
ਸੱਪ ਫ਼ਨ ਫੈਲਾਉਂਦੇ।
ਡੱਡੂ ਬੀਂਡੇ ਗਾਂਵਦੇ,
ਕਈ ਰਾਗ ਸੁਣਾਉਂਦੇ।
ਜਿਨ੍ਹਾਂ ਵਿਛੋੜਾ ਧੁਰਾਂ ਦਾ ,
ਸਹਿਜ ਨਰਕ ਹੰਢਾਉਂਦੇ।
ਕਸਕ ਸਤਾਵੇ ਹਿਜਰ ਦੀ,
ਇੱਕ ਪਲ ਨਾ ਸੌਂਦੇ।
ਮਾਹੀ ਜਿਨਾਂ ਦਾ ਦੂਰ ਹੈ,
ਇਹ ਪਲ ਨਾ ਸੁਖਾਉਂਦੇ।
ਸਾਵਣ ਛਮ ਛਮ ਵਰਸਦਾ,
ਵਿਛੜੇ ਕੁਰਲਾਉਂਦੇ।




## ਸਾਵਣ ਆ ਗਿਆ

ਸੁਣ ਵੇ ਸਾਉਣ ਮਹੀਨਿਆ,
ਗੱਲ ਸੁਣ ਲੈ ਮੇਰੀ।
ਜੇ ਤੂੰ ਮੇਰੀ ਸੁਣ ਲਵੇਂ,
ਕਰਾਂ ਸਿਫ਼ਤ ਮੈਂ ਤੇਰੀ।
ਅਸਲਾਂ ਤੋਂ ਜੋ ਦੂਰ ਹੈ,
ਮੇਰਾ ਯਾਰ ਮਿਲ਼ਾ ਦੇ।
ਮਿੰਨਤਾਂ ਕਰਾਂ ਮੈਂ ਤੇਰੀਆਂ,
ਇੱਕ ਵਾਰ ਮਿਲ਼ਾ ਦੇ।
ਯਾਰ ਬਿਨਾਂ ਕੀ ਜੀਵਣਾ,
ਹੈ ਮਰਨਾ ਚੰਗਾ ।
ਵਿੱਚ ਵਿਛੋੜੇ ਹਿਜਰ ਦੇ
ਨਾ ਸੜਨਾ ਚੰਗਾ।
ਕਹਿੰਦੇ ਸਾਵਣ ਆ ਗਿਆ,
ਲੋਕਾਂ ਚਾਅ ਬਥੇਰਾ।
ਜਿੰਦ ਮਾਹੀ ਬਾਝੋਂ ਕੂਕਦੀ,
ਕੀ ਫ਼ਾਇਦਾ ਤੇਰਾ।
ਯਾਰ ਜੇ ਵਿਹੜੇ ਆ ਖੜ੍ਹੇ,
ਮੈਂ ਵੰਡਾਂ ਪੂੜੇ।
ਰਾਜੇ ਯਾਰ ਨਾ ਵਿੱਛੜੇ,
ਹੋਣ ਰਿਸ਼ਤੇ ਗੂੜ੍ਹੇ।




## ਬਚਪਨ ਦੀਆਂ ਯਾਦਾਂ

ਬੀਤ ਗਿਆ ਜੋ ਬਚਪਨ ਮਸਤਾਨਾ ਚੇਤੇ ਆਉਂਦਾ ਏ।
ਬਰਸਾਤਾਂ ਵਿੱਚ ਭਿੱਜਦਾ ਜ਼ਮਾਨਾ ਚੇਤੇ ਆਉਂਦਾ ਏ।

ਕਾਗ਼ਜ਼ ਦੀਆਂ ਕਿਸ਼ਤੀਆਂ ਪਾਣੀ ਵਿੱਚ ਵਹਾਉਂਦੇ ਸੀ,
ਮਸਤੀਆਂ ਨਾਲ ਭਰਿਆ ਫ਼ਸਾਨਾ ਚੇਤੇ ਆਉਂਦਾ ਏ।

ਕਾਲੀਆਂ ਘਟਾਵਾਂ ਹੇਠ ਲਾਉਂਦੇ ਪੰਛੀ ਉਡਾਰੀਆਂ,
ਪੰਛੀਆਂ ਤੇ ਅੰਬਰਾਂ ਦਾ ਯਾਰਾਨਾ ਚੇਤੇ ਆਉਂਦਾ ਏ।

ਮਮਤਾ ਦੀ ਖੁਸ਼ਬੋ ਲੁਕੀ ,ਮਾਂ ਦੀਆਂ ਝਿੜਕਾਂ ਵਿੱਚ,
ਮੋਹ ਨਾਲ ਭਰਿਆ ਨਜ਼ਰਾਨਾ ਚੇਤੇ ਆਉਂਦਾ ਏ।

ਬਾਪੂ ਦੇ ਲਾਏ ਪਿੱਪਲ ਦੀ ਸਰਸਰਾਹਟ ਨਾ ਭੁੱਲਦੀ,
ਮੀਂਹਾਂ ਵਿੱਚ ਸੋਹਣਾ ਆਸ਼ਿਆਨਾ ਚੇਤੇ ਆਉਂਦਾ ਏ।

ਵਰਾਂਡੇ 'ਚ ਖਲੋ ਕੇ ਗਿਣਦੇ ਸੀ ਮੀਂਹ ਦੀਆਂ ਬੂੰਦਾਂ,
ਬਾਪੂ ਦਾ ਗਾਇਆ ਤਰਾਨਾ ਚੇਤੇ ਆਉਂਦਾ ਏ।

ਪੱਕੇ ਅੰਬ ਤੇ ਜਾਮਣਾਂ ਚਾਚਾ ਤੋੜ-ਤੋੜ ਦਿੰਦਾ ਸੀ,
ਵਕਤ ਰੂਹ ਵਿੱਚ ਵਸਦਾ ਸੁਹਾਣਾ ਚੇਤੇ ਆਉਂਦਾ ਏ।

"ਕਲੇਰ" ਨੰਗੇ ਪੈਰੀਂ, ਨੰਗੇ ਸਿਰ ਮੀਂਹ ਵਿੱਚ ਭਿੱਜਣਾ,
ਖ਼ੁਸ਼ੀਆਂ ਦਾ ਭਰਿਆ ਉਹ ਖ਼ਜ਼ਾਨਾ ਚੇਤੇ ਆਉਂਦਾ ਏ।




## ਸਾਉਣ ਦੀ ਮਹਿਕ

ਸਾਉਣ ਦੀਆਂ ਬੂੰਦਾਂ ਵਿੱਚ ਰੱਬ ਦਾ ਪਿਆਰ ਵੱਸਦਾ,
ਹਰ ਦਿਲ ਵਿੱਚ ਨਵੀਂ ਉਮੀਦ ਦਾ ਚਾਨਣ ਹੱਸਦਾ।
ਹਰਿਆਲੀ ਨਾਲ ਖਿੜੇ ਮਨ, ਮਿਟਣ ਸਾਰੇ ਗ਼ਮ,
ਵਾਹਿਗੁਰੂ ਦੀ ਮਿਹਰ ਨਾਲ ਮਹਿਕੇ ਜੀਵਨ ਹਰ ਦਮ।
ਧਰਤੀ ਦੀ ਹਰ ਸਾਹ ਵਿੱਚ ਕੁਦਰਤ ਦਾ ਰਾਗ ਵੱਜੇ,
ਰੁੱਖਾਂ ਦੀ ਛਾਂ ਹੇਠ ਹਰ ਮਨ ਸ਼ਾਂਤੀ ਨੂੰ ਸੱਜੇ।
ਪਿਆਰ, ਦਇਆ ਤੇ ਸੇਵਾ ਨਾਲ ਜੀਵਨ ਹੋਵੇ ਰੌਸ਼ਨ,
ਸਾਉਣ ਸਿਖਾਵੇ—ਇਨਸਾਨੀਅਤ ਹੀ ਸਭ ਤੋਂ ਵੱਡਾ ਧਰਮ।



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਜਦ ਸਾਵਣ ਵਿੱਚ ਵਰਖਾ ਹੁੰਦੀ

ਜਦ ਸਾਵਣ ਵਿੱਚ ਵਰਖਾ ਹੁੰਦੀ, ਕਿੰਨੀਆਂ ਯਾਦਾਂ ਤਾਜ਼ਾ ਹੁੰਦੀਆਂ।
ਬਚਪਨ ਤੋਂ ਲੈ ਹੁਣ ਤੱਕ ਮਿੱਤਰੋ! ਭਾਵਾਂ ਦਾ ਸੱਤਨਾਜਾ ਹੁੰਦੀਆਂ।

ਕੱਚੀਆਂ ਗਲੀਆਂ, ਕੱਚੇ ਕੋਠੇ, ਉੱਤੋਂ ਛਮ ਛਮ ਪੈਂਦੀਆਂ ਕਣੀਆਂ।
ਲਾਹ ਕੱਪੜੇ, ਗਲੀਆਂ 'ਚ ਨਹਾਉਣਾਂ,ਖੁਸ਼ੀਆਂ ਜਾਂਦੀਆਂ ਨਹੀਂ ਸੀ ਮਿਣੀਆਂ।

ਨੱਕੋ ਨੱਕ ਭਰੇ ਹੋਏ ਟੋਭੇ, ਤਰਦੀਆਂ ਬੱਤਖਾਂ, ਨਹਾਂਉਂਦੀਆਂ ਮੱਝੀਆਂ।
ਸੁੱਕੇ ਬੈਠ ਉਗਾਲੀ ਕਰਦੀਆਂ, ਚਰ ਕੇ ਆਈਆਂ ਗਾਵਾਂ ਰੱਜੀਆਂ।

ਤੀਆਂ ਵਿੱਚ ਅਣਭੋਲ ਜਵਾਨੀ, ਪੀਘਾਂ ਪਾਉਂਦੀ, ਨੱਚਦੀ ਗਾਉਂਦੀ।
ਹੁਸਨ ਤਾੜਦੀ, ਮੁੱਛਫੁੱਟ ਢਾਣੀ ,ਕਿਤੇ ਖਲੋ ਕੇ ਨਾਕੇ ਲਾਉਂਦੀ।

ਝੜੀਆਂ ਵਿੱਚ ਚੋਅ ਜਾਣੇ ਕੋਠੇ ,ਮੋਰੀਆਂ ਬੰਦ ਕਰਦੇ ਘਰਵਾਲੇ।
ਕੱਚੀਆਂ ਕੰਧਾਂ, ਖੋਰਦੀ ਬਾਰਸ਼, ਭਰ ਭਰ ਵੱਗਦੇ ਹੋਏ ਪਰਨਾਲੇ।

ਪੂੜੇ ਬਣਦੇ, ਰਿੱਝਦੀਆਂ ਖੀਰਾਂ, ਖਾ ਖਾ ਕੁੱਖਾਂ ਕੱਢਦੇ ਬੱਚੇ।
ਨੀਤ ਨਾ ਭਰਦੀ, ਮੁੜ ਮੁੜ ਆਉਂਦੇ, ਫੇਰ ਬਾਹਰ ਵੱਲ ਭੱਜਦੇ ਬੱਚੇ।

ਨਿੱਖਰੀ ਹੋਈ ਸ੍ਰਿਸ਼ਟੀ ਸਾਰੀ,ਭਰੇ ਨੀਰ ਨਾਲ ਖੇਤ ਪਿਆਰੇ।
ਜਾਮਣ, ਅੰਬ ਰਸੀਲੇ ਖਾਣੇ, ਠੰਡੀ ਪੌਣ ਦੇ ਅਜਬ ਨਜ਼ਾਰੇ।

ਜਿਉਣਾ ਕੁਦਰਤ ਦਾ ਨਜ਼ਦੀਕੀ, ਸੰਜਮ, ਸਬਰ-ਸਬੂਰੀ ਭਰਿਆ।
ਸਾਦਾ ਖਾਣਾ, ਰਹਿਣਾ, ਸੌਣਾ, ਸਹਿਜ , ਖੁਸ਼ੀ ਦਾ ਵਹਿੰਦਾ ਦਰਿਆ।

ਜਗਦੀਸ਼ ਬਹਾਦਰਪੁਰੀ! ਇਹ ਯਾਦਾਂ , ਆਉਣ ਜਦੋਂ ਹੈ ਬਾਰਸ਼ ਆਉਂਦੀ।
ਧੁਰ ਅੰਦਰ ਤੱਕ ਭਿੱਜ ਜਾਂਦੇ ਹਾਂ, ਰੂਹ ਜਦ ਰਾਗ ਖੁਸ਼ੀ ਦੇ ਗਾਉਂਦੀ।




## ਸਾਉਣ ਦਾ ਮਹੀਨਾ

ਸਾਉਣ ਦਾ ਮਹੀਨਾ ਮਾਹੀਆ ਅੱਜ ਗਿਆ ਚੜ੍ਹ ਵੇ,

ਤੇਰੀਆਂ ਯਾਦਾਂ ਨੇ ਆ ਕੇ ਮੇਰਾ ਦਿਲ ਲਿਆ ਫੜ ਵੇ।

ਕਾਲੀਆਂ ਘਟਾਵਾਂ ਅੰਬਰ ਤੇ ਛਾ ਗਈਆਂ ਨੇ,

ਹੌਲੀ, ਹੌਲੀ ਕਣੀਆਂ ਵੀ ਪੈਣ ਲੱਗ ਪਈਆਂ ਨੇ।

ਹਾੜ੍ਹ ਦੀ ਗਰਮੀ ਤੋਂ ਛੁਟਕਾਰਾ ਮਿਲ ਜਾਣਾ ਏ,

ਸੁੱਕ ਰਹੇ ਵੇਲ,ਬੂਟਿਆਂ ਨੂੰ ਸਹਾਰਾ ਮਿਲ ਜਾਣਾ ਏ।

ਕੱਠੇ ਹੋ ਕੇ ਬੱਚਿਆਂ ਨੇ ਮੀਂਹ ਵਿੱਚ ਨਹਾਉਣਾ ਏ,

ਮੱਝਾਂ ਤੇ ਗਾਵਾਂ ਨੂੰ ਵੀ ਸੁੱਖ ਦਾ ਸਾਹ ਆਉਣਾ ਏ।

ਖੀਰ ਤੇ ਪੂੜੇ ਬਣਾਉਣ ਲਈ ਸੱਸ ਨੇ ਕਹਿਣਾ ਏ,

ਤੇਰੇ ਬਿਨਾਂ ਮੈਥੋਂ ਇਹ ਸਭ ਕੁਝ ਨਹੀਂ ਹੋਣਾ ਏ।

ਦੂਰ ਰਹਿ ਕੇ ਲੰਘਾ ਨਾ ਦੇਵੀਂ ਸਾਉਣ ਦਾ ਮਹੀਨਾ ਵੇ,

ਤੇਰੇ ਬਿਨਾਂ ਮੀਂਹ 'ਚ ਵੀ ਤਪੀ ਜਾਣਾ ਮੇਰਾ ਸੀਨਾ ਵੇ।

ਹੁੰਦੇ ਉਹ ਸਿਆਣੇ ਜਿਹੜੇ ਮੌਕੇ ਨੂੰ ਸੰਭਾਲਦੇ,

ਹੁੰਦੇ ਉਹ ਮੂਰਖ ਜਿਹੜੇ ਰਾਖ ਚੋਂ ਸੋਨਾ ਭਾਲਦੇ।




## ਕੋਈ-ਕੋਈ

ਵੇਲੇ ਸੁੱਖਾ ਦੇ ਦਰਦੀ ਹਰ ਬੰਦਾ,

ਪਰ ਦੁੱਖ ਵੰਡਾਵੇ ਕੋਈ -ਕੋਈ ।

ਮੂੰਹੋਂ ਕੱਢਣੀ ਸੌਖੀ ਗੱਲ ਬੜੀ ,

ਕਹੀ ਤੋੜ ਨਿਭਾਵੇ ਕੋਈ- ਕੋਈ ।

ਭੇਸ ਬਦਲਾ ਕੇ ਬਾਣਾ ਸਾਧਾਂ ਦਾ,

ਰੱਬ ਦਾ ਨਾਮ ਧਿਆਵੇ ਕੋਈ- ਕੋਈ ।

ਵੋਟਾਂ ਵੇਲੇ ਵਾਅਦੇ ਸਭ ਕਰਦੇ ,

ਕੀਤੇ ਬੋਲ ਪਗਾਵੇ ਕੋਈ- ਕੋਈ ।

ਭੰਬਲ ਭੂਸੇ ਵਿਚ ਪਾਈ ਜੰਤਾ,

ਖੁਸ਼ੀ ਦੀ ਕਿਰਨ ਵਿਖਾਵੇ ਕੋਈ- ਕੋਈ ।

ਆਪੋ- ਧਾਪੀ ਵਾਲੇ ਦੇਸ਼ ਅੰਦਰ ,

ਸੂਰਾ ਨਿਤਰ ਆਵੇ ਕੋਈ- ਕੋਈ ।

ਪ੍ਰੀਤੀਮਾਨਾ ਕੀ ਕਰੀਏ ਇਤਬਾਰ ,

ਪਾਰ ਲੰਘਾਵੇ ਕੋਈ-ਕੋਈ ।




## ਰਾਜ ਅਰੋੜਾ ਦੀਆਂ ਰਚਨਾਵਾਂ

ਲੱਭਦੇ ਪਏ ਹਾਂ ਤੈਨੂੰ ,ਯਾਰ ਕਿੱਥੇ ਕਿੱਥੇ ।

ਦੱਸ ਤੇਰਾ ਵਸਿਆ ਸੰਸਾਰ ਕਿੱਥੇ ਕਿੱਥੇ ॥

ਦਿਲ ਵਿੱਚ ਲੱਭਿਆ , ਰੂਹ ਵਿੱਚ ਵੇਖਿਆ ।

ਜੰਗਲਾਂ ਮੰਦਿਰਾਂ ਚ ਰਹੇ ਭਾਲ ਕਿੱਥੇ ਕਿੱਥੇ ॥

ਕਿੰਝ ਮਿਲੇਗਾਂ ਤੂੰ ਹੀ ਇਸ਼ਾਰਾ ਕੋਈ ਕਰ ਦੇ ।

ਜਿੰਦਗੀ ਵਿੱਚ ਬਣੇਗਾ ਦੱਸ ਢਾਲ ਕਿੱਥੇ ਕਿੱਥੇ ॥

ਕੁਦਰਤ ਤੂੰ ਏ ਤੇ ਕਾਦਰ ਵੀ ਤੂੰ ਹੀ ਏ ਯਾਰਾ ।

ਖਿਲਰੇ ਨੇ ਤੇਰੇ ਇਹ ਸਭ ਕਮਾਲ ਕਿੱਥੇ ਕਿੱਥੇ ॥

ਸੁੰਨ ਸਮਾਧੀ ਵਿੱਚ ਤੇ ਬੰਦ ਅੱਖਾਂ ਕਰ ਲੱਭਦੇ ,

ਮੇਰੇ ਇਹ ਭਟਕਦੇ ਨੇ ਖਿਆਲ ਕਿੱਥੇ ਕਿੱਥੇ ॥




## ਗੱਭਰੂ ਪੁੱਤ ਜਿਹਨਾਂ ਦੇ ਮਰਦੇ

ਉੱਡ ਜਾਂਦੇ ਹਾਸੇ ਚੁੱਪ ਕਰਕੇ ਗਮ ਹੱਡਾਂ ਨਾਲ ਖਹਿ ਜਾਂਦੇ
ਗਭਰੂ ਪੁੱਤ ਜਿਨ੍ਹਾਂ ਦੇ ਮਰਦੇ ਮਾਪੇ ਰਹਿੰਦੇ ਰਹਿੰਦੇ ਰਹਿ ਜਾਂਦੇ

ਅੰਬਾਂ ਦੇ ਬੂਟੇ ਪਲ ਜਾਂਦੇ ਪੁੱਤਰਾਂ ਦਾ ਪਲਣਾ ਔਖਾ ਏ
ਬੰਦਾ ਤਾਂ ਦੁੱਖ ਝੱਲ ਜਾਂਦਾ ਬਿਰਹਾ ਦਾ ਝੱਲਣਾ ਔਖਾ ਔਖਾ ਹੈ
ਦੁੱਖ ਵਿਛੋੜੇ ਦਾ ਦਿੱਲ ਸਹਿੰਦੇ ਸਹਿੰਦੇ ਸਹਿ ਜਾਂਦੇ
ਗਭਰੂ ਪੁੱਤ ਜਿਨ੍ਹਾਂ ਦੇ ਮਰਦੇ ਮਾਪੇ ਰਹਿੰਦੇ ਰਹਿੰਦੇ ਰਹਿ ਜਾਂਦੇ

ਪੁੱਤਰ ਆਪਣੇ ਮਾਂ ਪਿਓ ਦੇ ਗਲ ਦੇ ਗਹਿਣੇ ਹੁੰਦੇ ਨੇ
ਪੁੱਤਰਾਂ ਦੀ ਖਾਤਰ ਮਾਪਿਆਂ ਨੇ ਦੁੱਖ ਸਹਿਣੇ ਹੁੰਦੇ ਨੇ
ਫਿਕਰਾਂ ਦੇ ਭਾਰ ਲਹਿੰਦੇ ਨੀ ਪਰ ਲਹਿੰਦੇ ਲਹਿੰਦੇ ਲਹਿ ਜਾਂਦੇ
ਗਭਰੂ ਪੁੱਤ ਜਿਨ੍ਹਾਂ ਦੇ ਮਰਦੇ ਮਾਪੇ ਰਹਿੰਦੇ ਰਹਿੰਦੇ ਰਹਿ ਜਾਂਦੇ

ਇੱਕੋ ਇੱਕ ਨਾ ਚੁੱਕੀ ਕਿਸੇ ਦਾ ਪੁੱਤ ਕੁਆਰਾ ਵੇ ਰੱਬਾ
ਮਾਪਿਆਂ ਨੂੰ ਨੀ ਲੱਭਦਾ ਪੁੱਤਾਂ ਬਿੰਨ ਸਹਾਰਾ ਵੇ ਰੱਬਾ
ਕੋਠੇ ਤਾਂ ਬਣਿਓ ਢਹਿੰਦੇ ਨੀ ਦਿੱਲ ਢਹਿੰਦੇ ਢਹਿੰਦੇ ਢਹਿ ਜਾਂਦੇ
ਗਭਰੂ ਪੁੱਤ ਜਿਨ੍ਹਾਂ ਦੇ ਮਰਦੇ ਮਾਪੇ ਰਹਿੰਦੇ ਰਹਿੰਦੇ ਰਹਿ ਜਾਂਦੇ

ਕੁੱਲੀਆਂ ਵਾਲਿਆ ਪੁੱਤਾਂ ਪੈਰੀਂ ਬੇੜੀਆਂ ਪਾਈਆਂ ਹੁੰਦੀਆਂ ਨੇ
ਬੁੱਢੇ ਹੱਡਾਂ ਦੀਆਂ ਆਸਾਂ ਪੁੱਤਾਂ ਉੱਤੇ ਲਾਈਆਂ ਹੁੰਦੀਆਂ ਨੇ
ਖੁਸ ਜਾਣ ਸਹਾਰੇ ਜਿਨ੍ਹਾਂ ਦੇ ਬੇੜੇ ਬਹਿੰਦੇ ਬਹਿੰਦੇ ਬਹਿ ਜਾਂਦੇ
ਗਭਰੂ ਪੁੱਤ ਜਿਹਨਾਂ ਦੇ ਮਰਦੇ ਮਾਪੇ ਰਹਿੰਦੇ ਰਹਿੰਦੇ ਰਹਿ ਜਾਂਦੇ




## ਚੰਨਾ ਵੇ ਪੇਕੇ ਜਾ ਲੈਣ ਦੇ

ਆਇਆ ਸਾਉਣ ਦਾ ਮਹੀਨਾ,
ਤੀਆਂ ਲਾਉਣ ਦਾ ਮਹੀਨਾ,
ਨੱਚਣ ਗਾਉਣ ਦਾ ਮਹੀਨਾ,
ਪਲ ਦੋ ਪਲ ਗਾਅ ਲੈਣ ਦੇ।
ਚੰਨਾ ਵੇ ਪੇਕੇ ਜਾ ਲੈਣ ਦੇ।

ਚਿੱਤ ਕਰੇ ਉੱਚੀ ਪੀਂਘ ਮੈ ਚੜਾਵਾਂ,
ਪੈਰ ਟੀਸੀ ਵਾਲੇ ਪੱਤਿਆਂ ਨੂੰ ਲਾਵਾਂ,
ਗੋਟੇ ਵਾਲੀ ਚੁੰਨੀ ਚੰਨਾ ਲਹਿਰਾਵਾਂ,
ਜਿੰਦਗੀ ਦੇ ਪਲ ਹੰਢਾਅ ਲੈਣ ਦੇ,
ਚੰਨਾ ਵੇ ਪੇਕੇ ਜਾ ਲੈਣ ਦੇ।

ਸਾਉਣ ਮਹੀਨੇ ਮੋਰ ਪੈਲਾਂ ਪਾਉਂਦੇ।
ਫੁੱਲ ਫੱਲ ਰੁੱਖ ਪੱਤੇ ਖੁਸ਼ੀਆਂ ਮਨਾਉਂਦੇ,
ਸਾਰੇ ਜੀਵ ਜੰਤੂ ਮਿੱਠਾ ਰਾਗ ਗਾਉਂਦੇ,
ਕੋਈ ਮਿੱਠਾ ਜਿਹਾ ਗੀਤ ਗਾ ਲੈਣ ਦੇ।
ਚੰਨਾ ਵੇ ਮੈਨੂੰ ਪੇਕੇ ਜਾ ਲੈਣ ਦੇ।

ਕਰਾਂ ਤੇਰੇ ਹਾੜੇ! ਮਿੰਨਤਾਂ ਮੈਂ ਕਰਾਂ ਵੇ,
ਘੂਰ ਤੇਰੀ ਚੰਨਾ ਹਰ ਪਲ ਜ਼ਰਾਂ ਵੇ,
ਅਮੜੀ ਦੇ ਬਾਝੋਂ ਪਲ ਪਲ ਮੈ ਮਰਾਂ ਵੇ,
ਠੰਡ ਅਮੜੀ ਦੀ ਸੀਨੇ ਪਾ ਲੈਣ ਦੇ।
ਚੰਨਾ ਵੇ ਪੇਕੇ ਜਾ ਲੈਣ ਦੇ।

ਸਾਉਣ ਦੀਆਂ ਲੱਗੀਆ ਝੜੀਆਂ,
ਮੈਂ ਕਦੋਂ ਦੀ ਦਰ ਤੇਰੇ ਤੇ ਖੜੀ ਆ,
ਪੇਕੇ ਜਾਣ ਦੀ ਕਾਹਲ ਵੀ ਬੜੀ ਆ,
ਨਿਰਮਲ ਨੂੰ ਚਾਅ ਪੁਗਾਅ ਲੈਣਦੇ।
ਚੰਨਾ ਵੇ ਪੇਕੇ ਜਾ ਲੈਣ ਦੇ।
ਚੰਨਾ ਵੇ ਪੇਕੇ ਜਾ ਲੈਣ ਦੇ।
ਚੰਨਾ ਵੇ ਪੇਕੇ ਜਾ ਲੈਣ ਦੇ ।




## ਬਚੀ ਹੋਈ ਆਸ

ਖੁੱਭ ਗਿਆ , ਅੱਜ ਫੇਰ ...
ਤੇਰੀਆਂ , ਯਾਦਾਂ ਵਿੱਚ ....੨
ਉਸ ਹੱਦ ਤੱਕ .....
ਜਿੱਥੇ ਜਾ ਕੇ , ( , ) ਲੱਗਦਾ ਏ ,....

ਤੇ ਲੱਗਾ ਉਡੀਕਣ ...
ਉਹ ਪਲ , ਜੋ , ਸੰਗ ਤੇਰੇ ਬੀਤੇ .....੨
ਜੁਗਨੂੰ , ਅੱਜ ਵੀ .....
ਸਿਰਫ਼ , ਤੇਰੇ , ਪਿਆਰਾਂ ਵਾਲਾ , ਜਗਦਾ ਏ ,....

ਸਬਰ ਸੀ , ਮੇਰਾ ਰੱਜਵਾਂ ...
ਤਾਂ ਹੀ , ਅੱਜ ਤੱਕ ਖੜਾ ਰਿਹਾ ......੨
ਨਹੀਂ , ਨਵਿਆਂ ਦੀ ਭਾਲ ਵਿੱਚ ......
ਹਰ ਕੋਈ , ਪੁਰਾਣੇ ਛੱਡਦਾ ਹੈ ,......

ਜੇ ਨਹੀਂ ਵਧਿਆ , ਤੂੰ ਅੱਗੇ ...
ਤਾਂ ਪਿੱਛੇ , ਮੁੜ ਆਵੀਂ ......੨
ਤੇਰਾ ਸੋਹਣਾ , ਸੁਰਖਰੂ ਚੇਹਰਾ ......
"ਰੱਬੀ" , ਅੱਜ ਵੀ ਲੱਭਦਾ ਏ ,......
ਤੇਰਾ ਸੋਹਣਾ , ਸੁਰਖਰੂ ਚੇਹਰਾ ......
"ਰੱਬੀ" , ਅੱਜ ਵੀ ਲੱਭਦਾ ਏ ,......
ਅੱਜ ਵੀ ...........!




## ਅਣ-ਕਿਆਸਿਆ

ਮੈਂ ਕਾਹਵਾ ਪੀ ਰਿਹਾ ਹਾਂ...
ਅੰਬਰੋਂ ਬਰਫ਼ ਦੇ ਗੋਹੜੇ
ਗਿਰ ਰਹੇ ਨੇ
ਧਰਤੀ ਦੀ ਹਿੱਕ ਠਰ ਗਈ ਹੈ...
ਚਾਰੇ ਪਾਸੇ ਸਫ਼ੈਦ ਚਾਦਰ
ਅਮਨ ਸ਼ਾਂਤੀ ਦਾ ਪੈਗ਼ਾਮ...
ਸਿੱਲ੍ਹ...
ਜ਼ਮੀਨ ਦੀ ਕੁੱਖ ਨੂੰ ਹਰਾ-ਭਰਾ ਕਰੇਗੀ
ਬੀਜ ਪੁੰਗਰੇਗਾ
ਸ਼ੁਕਰਾਨਾ...
ਜੀਅ ਜੰਤ ਸਭਿ ਸਰਣਿ ਤੁਮਾਰੀ
ਸਰਬੱਤ ਦਾ ਭਲਾ....

ਹੈਂ...ਇਹ ਕੀ...?
ਅਚਾਨਕ ਬੰਬਾਂ ਦੀ ਬਰਸਾਤ ਹੋਣ ਲੱਗੀ ਹੈ
ਧਰਤ ਲਹੂ-ਲੁਹਾਣ
ਬੰਜਰ...ਬਾਂਝ
ਆਲ਼ਾ ਦੁਆਲ਼ਾ ਗੂੜ੍ਹਾ ਸੁਰਖ਼
ਕੁਰਲਾਹਟ...ਵੈਣ...ਖੰਡਰਾਤ...ਕਬਰਾਂ
ਹੱਥ ਆਪ-ਮੁਹਾਰੇ ਜੁੜ ਗਏ ਨੇ
ਜਗਤੁ ਜਲੰਦਾ ਰੱਖਿ ਲੈ...




## ਉਡੀਕ

ਮੈਨੂੰ ਯਕੀਨ ਹੈ ਕਿ
ਉਹ ਆਪਣਾ ਵਾਅਦਾ ਨਿਭਾਏਗੀ
ਖ਼ਤ ਲਿਖ ਕੇ ਮੇਰੇ ਨਾਂ
ਕਦੇ ਡਾਕ 'ਚ ਪਾਏਗੀ

ਖ਼ਤ, ਜਿਸ ਨੂੰ ਫੜ ਕੇ
ਆਲਾ-ਦੁਆਲਾ ਨੱਚ ਉੱਠੇਗਾ
ਖ਼ਤ, ਜਿਸ ਨੂੰ ਪੜ੍ਹ ਕੇ
ਅੰਦਰ ਸੁਲਗ ਰਿਹਾ ਇਸ਼ਕ
ਭਾਂਬੜ ਬਣ ਮੱਚ ਉੱਠੇਗਾ

ਖ਼ਤ, ਜਿਸ ਦੇ ਹਰ ਸ਼ਬਦ 'ਚ
ਮਿਸ਼ਰੀ ਜਿਹੀ ਮਿਠਾਸ ਹੋਵੇਗੀ
ਖ਼ਤ, ਜਿਸ ਦੇ ਹਰ ਵਾਕ 'ਚ
ਕੁਕਨੁਸ ਜਿਹੀ ਪਿਆਸ ਹੋਵੇਗੀ

ਖ਼ਤ, ਜਿਸ 'ਚ
ਸਾਥ ਨਿਭਾਏ ਪਲਾਂ ਦਾ
ਵੀ ਜ਼ਿਕਰ ਹੋਵੇਗਾ
ਖ਼ਤ, ਜਿਸ 'ਚ ਅੱਜ ਵੀ ਉਹਨੂੰ
ਖ਼ੈਰੀਅਤ ਮੇਰੀ ਦਾ
ਫ਼ਿਕਰ ਹੋਵੇਗਾ

ਖ਼ਤ, ਜਿਸ 'ਤੇ
ਹੰਝੂ ਕੁਝ ਪਛਤਾਵਿਆਂ ਦੇ
ਕਿਰੇ ਹੋਣਗੇ
ਖ਼ਤ ਜਿਸ 'ਚ
ਬੱਚੇ-ਖੁਚੇ ਅਰਮਾਨ ਵੀ ਉਹਦੇ
ਬੰਦਸ਼ਾਂ 'ਚ ਘਿਰੇ ਹੋਣਗੇ

ਖ਼ਤ ਜਿਸ ਨੂੰ ਪੜ੍ਹਦਾ
ਜਜ਼ਬਾਤਾਂ ਸੰਗ ਵਹਿ ਜਾਵਾਂਗਾ
ਭੁੱਲ ਕੇ ਸ਼ਿਕਵੇ
'ਸੁਖੀ ਵੱਸੇਂ' ਦੇ ਬੋਲ
ਜ਼ਬਾਨੋਂ ਕਹਿ ਜਾਵਾਂਗਾ

ਮੈਨੂੰ ਯਕੀਨ ਹੈ ਕਿ
ਉਹ ਆਪਣਾ ਵਾਅਦਾ ਨਿਭਾਏਗੀ
ਖ਼ਤ ਲਿਖ ਕੇ ਮੇਰੇ ਨਾਂ
ਕਦੇ ਡਾਕ 'ਚ ਪਾਏਗੀ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਜੁਗਨੀ ਕਹਿੰਦੀ ਆ

ਜੁਗਨੀ ਕਹਿੰਦੀ ਆ ਕਹਿੰਦੀ ਆ
ਜੁਗਨੀ ਕਹਿੰਦੀ ਆ

ਪਿੱਠ ਤੇ ਕੰਜਰ ,ਮੂੰਹ ਤੇ ਭਾ ਜੀ
ਉਂਜ ਕਿਸੇ ਤੋਂ ਕੋਈ ਨਾ ਰਾਜੀ
ਹਰ ਕੋਈ ਜਿੱਤਣਾਂ ਚਾਹੁੰਦੇ ਬਾਜੀ
ਜੁਗਨੀ ਕਹਿੰਦੀ ਆ ਕਹਿੰਦੀ ਆ
ਜੁਗਨੀ ਕਹਿੰਦੀ ਆ

ਰੰਗ ਦੇ ਚਿੱਟੇ ਦਿਲ ਦੇ ਕਾਲੇ
ਵਿੱਚੇ ਜੀਜੇ ਵਿੱਚੇ ਸਾਲੇ
ਸਾਰੇ ਕਰਦੇ ਘਾਲੇ ਮਾਲੇ
ਜੁਗਨੀ ਕਹਿੰਦੀ ਆ ਕਹਿੰਦੀ ਆ
ਜੁਗਨੀ ਕਹਿੰਦੀ ਆ

ਜਿਹੜੇ ਬਾਹਲੇ ਬਨਣ ਸਿਆਣੇਂ
ਉਹ ਹੀ ਚੱਬਦੇ ਨਿੱਤ ਮਖਾਣੇਂ
ਬਦਲ ਬਦਲ ਕੇ ਪਾਉਦੇ ਬਾਣੇਂ
ਜੁਗਨੀ ਕਹਿੰਦੀ ਆ ਕਹਿੰਦੀ ਆ
ਜੁਗਨੀ ਕਹਿੰਦੀ ਆ

ਜਿਹੜੇ ਆਪ ਨੇ ਕੁੰਡੀਆਂ ਲਾਉਦੇ
ਧਰਮ ਦੇ ਨਾ ਤੇ ਲੋਕ ਲੜਾਉਦੇ
ਵੰਡ ਕੇ ਆਟਾ ਝੁਗੀਆਂ ਢਾਉਦੇ
ਜੁਗਨੀ ਕਹਿੰਦੀ ਆ ਕਹਿੰਦੀ ਆ
ਜੁਗਨੀ ਕਹਿੰਦੀ ਆ

ਵਿੱਚੇ ਕਾਲੀ ਵਿੱਚੇ ਬੱਗੀ
ਰੱਬ ਦੇ ਨਾਂ ਤੇ ਮਾਰਨ ਠੱਗੀ
ਸ਼ੌਕੀ ਸਾਰੀ ਦੁਨੀਆਂ ਲੱਗੀ
ਜੁਗਨੀ ਕਹਿੰਦੀ ਆ ਕਹਿੰਦੀ ਆ
ਜੁਗਨੀ ਕਹਿੰਦੀ ਆ




## ਕਾਗਜ਼ ਦਾ ਕਤਲ

ਬੁਲ੍ਹਾਂ ਤੇ ਚੁਪ ਹੈ, ਧਰ ਗਿਆ ਕੋਈ।
ਬੋਲਾਂ ਨੂੰ ਗੂੰਗੇ ਹੈ, ਕਰ ਗਿਆ ਕੋਈ।

ਕਲਮ ਦੇ ਨਾਜੁਕ ਖਿਆਲਾਂ ਦੇ ਮੱਥੇ ,
ਕੰਡਿਆਂ ਦਾ ਤਾਜ ਹੈ, ਧਰ ਗਿਆ ਕੋਈ।

ਹੋਈ ਮੌਤ ਸੀ ਅਰਮਾਨਾਂ ਦੀ ਫ਼ਕਤ,
ਅੱਜ ਫੇਰ ਉਦਾਸੀ ਹੈ, ਭਰ ਗਿਆ ਕੋਈ।

ਬਦਲੀ ਬਦਲੀ ਹਵਾ ਹੈ ਸਹਿਰ ਦੀ,
ਕ੍ਰਾਂਤੀ ਦਾ ਜੁਗਨੂੰ ਹੈ, ਡਰ ਗਿਆ ਕੋਈ।

ਹਰਫ਼ ਵੀ ਹੋਏ ਨੇ ਸਹਿਮੇ ਸਹਿਮੇ ,
ਕਾਗਜ਼ ਦਾ ਕਤਲ ਹੈ, ਕਰ ਗਿਆ ਕੋਈ।

ਸੱਤਾ ਦੇ ਨਸ਼ੇ ਵਿੱਚ ਧੁੱਤ ਹੈ ਹਾਕਮ ,
ਅੱਜ ਫੇਰ ਕਿਰਤੀ ਹੈ, ਮਰ ਗਿਆ ਕੋਈ ।

ਫੱਟ ਡਾਹਢਾ ਸੀ, ਜੁਬਾਨੋ ਨਿਕਲੇ ਤੀਰਾਂ ਦਾ,
ਪੀੜ ਜਿਗਰ ਦੀ ਹੈ, ਜਰ ਗਿਆ ਕੋਈ।

ਬੈਠੀ ਸੀ ਜਿਸ ਦੀ ਆਸਥਾ 'ਚ ਨਿਰਮਲ,
ਸ਼ਰਧਾ ਤੇ ਖੰਜਰ ਹੈ, ਧਰ ਗਿਆ ਕੋਈ।




## ਮੋੜ ਦਾ ਅੰਤ

ਕਦੀ ਸੋਚਿਆ ਵੀ ਨਹੀਂ ਸੀ ਕਿ ਮੈਂ ਜਿੰਦਗੀ ਦੇ ਐਸੇ ਮੋੜ ਉੱਤੇ ਆ ਕੇ ਖੜੀ ਹੋਵਾਂਗੀ ਮੈਂ ਜਦ ਵੀ ਇਸ ਮੋੜ ਨੂੰ ਕਿਸੇ ਪਾਸੇ ਮੋੜਨ ਦੀ ਕੋਸ਼ਿਸ਼ ਕਰਾਂ ਹਰ ਪਾਸੇ ਹਨੇਰਾ ਹੀ ਹਨੇਰਾ ਨਜ਼ਰ ਆਵੇਗਾ ਕਿਉਂ ਹਰ ਮਨੁੱਖ ਦੀ ਜਿੰਦਗੀ ਵਿੱਚ ਇਸ ਤਰਾਂ ਦਾ ਮੋੜ ਆਉਂਦਾ ਹੈ ਹੈ ਉਹ ਬੇਤਲਾ ਹੋ ਕੇ ਕਿਸੀ ਮੋੜ ਦੀ ਭਾਲ ਵਿੱਚ ਤੜਫਦਾ ਹੈ ਪਰ ਹਰ ਪਾਸੇ ਤਾਂ ਹਨੇਰਾ ਹੀ ਹਨੇਰਾ ਨਿਰਾਸ਼ਾ ਹੀ ਨਿਰਾਸ਼ਾ ਉਹ ਕੀ ਕਰੇ ਕੁਝ ਵੀ ਸਮਝ ਨਹੀਂ ਆਉਂਦੀ ਉਹ ਥੱਕ ਹਾਰ ਕੇ ਸਭ ਕੁਝ ਛੱਡ ਦਿੰਦਾ ਹੈ ਪਰ ਫਿਰ ਵੀ ਅੰਦਰੋਂ ਅੰਦਰੀ ਇਕ ਖਿੱਚ ਜਿਹੀ ਲੱਗੀ ਰਹਿੰਦੀ ਹੈ ਹਰ ਪਲ ਭਾਲ ਜਾਰੀ ਰਹਿੰਦੀ ਕਈ ਵਾਰ ਭਾਲ ਕਰਦਾ ਮੈਨੂੰ ਕੁਝ ਅਣਚਾਹਿਆ ਵੀ ਕਰ ਦਾ ਹੈ ਤੇ ਕਈ ਵਾਰ ਉਸਨੂੰ ਨਿਰਾਸ਼ਾ ਵੀ ਮਿਲਦੀ ਹੈ ਪਰ ਅਚਾਨਕ ਉਸ ਦੀ ਜਿੰਦਗੀ ਦੀ ਭਾਰ ਨੂੰ ਨਵਾਂ ਰੂਪ ਮਿਲ ਜਾਂਦਾ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਦ ਉਸ ਦੀ ਜਿੰਦਗੀ ਦੇ ਇਹ ਇਹ ਭਾਲ ਦੇ ਪਲ ਉਸ ਨੂੰ ਉਸ ਦੇ ਫਲ ਤੱਕ ਪਹੁੰਚਾਉਣਾ ਚਾਹੁੰਦੇ ਹਨ ਅਤੇ ਜਿੰਦਗੀ ਉਸ ਮੋੜ ਨੂੰ ਲੰਘ ਕੇ ਨਵਾਂ ਰਸਤਾ ਫੜ ਲੈਂਦੀ ਹੈ ਤੇ ਉਸ ਦਾ ਹਨੇਰੇ ਭਰਿਆ ਮੋੜ ਖਤਮ ਹੋ ਜਾਂਦਾ ਜਿੰਦਗੀ ਨਵੀਂ ਰੌਸ਼ਨੀ ਨਾਲ ਨੂਰੋ ਨੂਰ ਹੋ ਜਾਂਦੀ ਹੈ ਇਸੇ ਤਰਹਾਂ ਹੀ ਅੱਜ ਮੇਰੀ ਜ਼ਿੰਦਗੀ ਵਿੱਚ ਇੱਕ ਨਵਾਂ ਮੋੜ ਆਇਆ ਇਸ ਮੋੜ ਨੇ ਮੇਰੀ ਜਿੰਦਗੀ ਦੀ ਨੁਹਾਰ ਨੂੰ ਹੀ ਬਦਲ ਕੇ ਰੱਖ ਦਿੱਤਾ ਮੈਂ ਸੋਚਿਆ ਵੀ ਨਹੀਂ ਸੀ ਕਿ ਇਨੀ ਜਲਦੀ ਮੇਰੀ ਜਿੰਦਗੀ ਇਸ ਨਵੇਂ ਮੋੜ ਨੂੰ ਪ੍ਰਾਪਤ ਕਰ ਲਵੇ ਚਲੋ ਜੋ ਵੀ ਹੋਇਆ ਸ਼ਾਇਦ ਚੰਗਾ ਹੀ ਹੋਇਆ ਪਰ ਮੈਂ ਇਸ ਨਵੇਂ ਮੋੜ ਨੂੰ ਪ੍ਰਾਪਤ ਕਰਕੇ ਖੁਸ਼ ਪਰ ਇਸ ਦੇ ਨਾਲ ਹਰ ਵਕਤ ਮਨ ਵਿੱਚ ਇੱਕ ਡਰ ਵੀ ਲੱਗਿਆ ਰਹਿੰਦਾ ਹੈ ਕਿ ਦਿਲ ਦੇ ਅਰਮਾਨਾ ਅਤੇ ਚਾਹਤਾਂ ਨਾਲ ਸੱਜਿਆ ਇਹ ਨਵਾਂ ਮੋੜ ਮੈਨੂੰ ਉਹ ਸਾਰੀਆਂ ਖੁਸ਼ੀਆਂ ਦੇਵੇਗਾ ਜਾਂ ਨਹੀਂ ਬਸ ਹਰ ਪਲ ਇਹੀ ਚਿੰਤਾ ਲੱਗੀ ਰਹਿੰਦੀ ਹੈ ਪਰ ਫਿਰ ਵੀ ਮੈਂ ਆਪਣੇ ਆਸ ਨੂੰ ਨਿਰਾਸ਼ਾ ਵਿੱਚ ਨਹੀਂ ਬਦਲ ਦੇਵਾਂਗੀ ਕਿਉਂਕਿ ਮੈਨੂੰ ਆਪਣੇ ਉੱਪਰ ਵਿਸ਼ਵਾਸ ਤੇ ਮਾਣ ਹੈ ਕਿਸੇ ਨੇ ਸੱਚ ਹੀ ਕਿਹਾ ਹੈ ਉਡੀਕ ਸੀ ਜਿਸ ਦੀ ਅੱਜ ਉਹ ਹੀ ਮੁੱਕ ਗਈ ਸੋਚਿਆ ਸੀ ਜਿਸ ਬਾਰੇ ਅੱਜ ਉਹ ਮੈਨੂੰ ਮਿਲ ਗਿਆ ਅੱਲਾ ਕਰੇ ਜਿਸ ਤਰ੍ਹਾਂ ਦਾ ਮੈਂ ਸੋਚਦੀ ਸਾਂ ਉਹ ਵੀ ਉਸੇ ਤਰ੍ਹਾਂ ਦਾ ਹੀ ਹੋਵੇ ਮੇਰੀ ਉਡੀਕ ਦਾ ਫਲ ਮੇਰੀ ਆਸ ਤੋਂ ਵੀ ਮਿੱਠਾ ਹੋਵੇ।




## ਸੱਧਰਾਂ ਦੇ ਪਲੰਘ

ਅਸੀਂ ਸੱਧਰਾਂ ਦੇ ਪਲੰਘ ਵਿਛਾਏ
ਗਮ ਬਣਕੇ ਪ੍ਰਾਹੁਣੇ ਸਾਡੇ ਆਏ

ਕੀ ਭੇਟਾਂ ਉਨ੍ਹਾਂ ਦੇ ਅੱਗੇ ਧਰੀਏ
ਕੀ ਉਨ੍ਹਾਂ ਦਾ ਸਵਾਗਤ ਕਰੀਏ
ਅਸੀਂ ਹੰਝੂਆਂ ਦੇ ਹਾਰ ਪਹਿਨਾਏ
ਗਮ ਬਣਕੇ ਪ੍ਰਾਹੁਣੇ ਸਾਡੇ ਆਏ

ਦਿੱਤੇ ਗਮ ਚੁਰਾ ਲਏ ਸਾਡੇ ਹਾਸੇ
ਛੱਡ ਦੁਨੀਆਂ ਹੋ ਗਏ ਹਾਂ ਇੱਕ ਪਾਸੇ
ਸਾਡੇ ਅੱਥਰੂ ਝੋਲੀ ਦੇ ਵਿੱਚ ਪਾਏ
ਗਮ ਬਣਕੇ ਪ੍ਰਾਹੁਣੇ ਸਾਡੇ ਆਏ

ਪਿਆਰ ਪਾਕੇ ਕੱਖਾਂ ਚ ਅਸੀਂ ਰੁੱਲ ਗਏ
ਸਾਨੂੰ ਪਤਾ ਨਾ ਰਿਹਾ ਅਸੀਂ ਰਾਹੋਂ ਕਿਵੇਂ ਭੁੱਲ ਗਏ
ਤਿੱਖੇ ਕੰਡਿਆਂ ਤੇ ਪੈਰ ਟਿਕਾਏ
ਗਮ ਬਣਕੇ ਪ੍ਰਾਹੁਣੇ ਸਾਡੇ ਆਏ

ਅਸੀਂ ਆਪਣੇ ਲਹੂ ਦੇ ਵਿੱਚ ਉਂਗਲਾਂ ਕਿਉਂ ਰੰਗੀਆਂ
ਕੁੱਲੀਆਂ ਵਾਲੇ ਨੂੰ ਹੋਸੀ ਕੁੱਲੀਆਂ ਸੀ ਚੰਗੀਆਂ
ਉੱਚੇ ਕਾਹਤੋਂ ਸੀ ਚੁਬਾਰੇ ਅਸੀਂ ਪਾਏ
ਗਮ ਬਣਕੇ ਪ੍ਰਾਹੁਣੇ ਸਾਡੇ ਆਏ




## ਡਰ

ਮੈਂ ਹਰ ਪ੍ਰੀਖਿਆ ਤੋਂ
ਡਰਦਾ ਰਿਹਾ ਹਾਂ
ਤਾਂਹੀਂ ਤਾਂ ਹਰਿ ਹਰਿ
ਕਰਦਾ ਰਿਹਾ ਹਾਂ।

ਰੱਬ ਸੱਚਾ ਝੋਲੀਆਂ
ਭਰਦਾ ਰਿਹਾ ਏ,
ਹਰ ਪ੍ਰੀਖਿਆ ਵਿਚੋਂ ਪਾਸ
ਕਰਦਾ ਰਿਹਾ ਏ।

ਉਹ ਕਾਇਮ ਰੱਖਦਾ ਏ
ਅਣਖਾਂ ਮੇਰੀਆਂ ਨੂੰ
ਮੈਂ ਤਾਂਹੀ ਉਸਦਾ ਪਾਣੀ ਭਰਦਾ ਰਿਹਾ ਹਾਂ।

ਹਰ ਮੁਸਕਿਲ ਲਗਦੀ ਏ
ਵੱਡੇ ਪਹਾੜ ਜਿਹੀ,
ਪਰ ਰੱਬ ਸੁਣ ਲੈਂਦਾ ਏ
ਮੇਰੀ ਹਰ ਅਣਕਹੀ ਲਈ
ਕੂਕਰ ਜੂ ਉਹਦੇ
ਦਰ ਦਾ ਹਾਂ।

ਮੈਂ ਹਰ ਪ੍ਰੀਖਿਆ ਤੋਂ
ਡਰਦਾ ਰਿਹਾ ਹਾਂ,
ਤਾਂ ਹੀ ਤਾਂ ਹਰਿ ਹਰਿ
ਕਰਦਾ ਰਿਹਾ ਹਾਂ




## ਬਦਲਦੇ ਸਮੇਂ

ਸਮੇਂ ਕਿਹੋ- ਜਿਹੇ ਸਾਹਮਣੇ ਆਈ ਜਾਂਦੇ
ਤਰਸ ਕਿਸੇ 'ਤੇ ਹੁਣ ਕੋਈ ਖਾਂਵਦਾ ਨਾ।
ਅੱਲੇ ਜ਼ਖ਼ਮਾਂ 'ਤੇ ਲੂਣ ਹੀ ਪਾਉਣ ਸਾਰੇ
ਮੱਲ੍ਹਮ ਫੱਟਾਂ 'ਤੇ ਹੁਣ ਕੋਈ ਲਾਂਵਦਾ ਨਾ।
ਪਿਆ ਤੜਫ਼ਦਾ ਮਰ ਜਾਏ ਕੋਈ ਭਾਵੇਂ
ਕੋਈ ਪਾਣੀ ਦਾ ਘੁੱਟ ਪਿਲ਼ਾਂਵਦਾ ਨਾ।
ਮੇਲ਼- ਜੋਲ਼ ਵੀ ਰਹਿ ਗਿਆ ਗ਼ਰਜ਼ ਤਾਈਂ
ਬਿਨਾਂ ਲੋੜ ਤੋਂ ਕੋਈ ਬੁਲਾਂਵਦਾ ਨਾ।
ਅੱਖ ਝਮਕਦੇ ਨਜ਼ਰਾਂ ਫੇਰ ਲੈਂਦੇ
ਕੀਤੇ ਬਚਨ ਹੁਣ ਕੋਈ ਨਿਭਾਂਵਦਾ ਨਾ।
ਬੁਰਕੀ ਭੁੱਖੇ ਦੇ ਮੂੰਹ ਨਾ ਪਾਏ ਕੋਈ
ਐਪਰ ਖਾਂਦੇ ਨੂੰ ਦੇਖ ਸੁਖਾਂਵਦਾ ਨਾ।
ਭੁੱਜਾ ਆਕੜਾਂ ਵਿੱਚ ਜਹਾਨ ਟੱਪੇ
ਸਕੇ ਭਾਈ ਨੂੰ ਭਾਈ ਬੁਲਾਂਵਦਾ ਨਾ
ਪਤਾ ਹੁੰਦਾ ਜੇ ਹੋਣੀ ਸੀ ਇੰਝ ਹਾਲਤ
"ਸਹਿਜ" ਭੁੱਲ ਕੇ ਵੀ ਇੱਥੇ ਆਂਵਦਾ ਨਾ।




## ਬੋਲੀਆਂ ਸਾਵਣ ਮਹੀਨੇ ਤੇ

ਸੌਣ ਮਹੀਨਾ ਖੁਸ਼ੀਆਂ ਭਰਿਆ ਪਰ ਅੱਜ ਕੱਲ ਖੁਸ਼ੀਆਂ ਉੱਡੀਆਂ।
ਨਾ ਹੀ ਪਿਪਲੀਂ ਪੀਘਾਂ ਪੈਂਦੀਆਂ ਨਾ ਹੀ ਪੈਂਦੀਆਂ ਲੁੱਡੀਆਂ।।
ਬੰਜਰ ਜਮੀਨਾਂ ਚੋਂ ਹੁਣ ਪੁੱਟੀਆਂ ਜਾਂ ਨਾ ਮੁੱਢੀਆਂ - - ਬੰਜਰ ਜ਼ਮੀਨਾਂ ਚੋਂ--

ਘਟਾਵਾਂ ਕਾਲੀਆਂ ਨਹੀਂ ਚੜਦੀਆਂ ਨਾ ਸੌਣ ਦੀਆਂ ਝੜੀਆਂ।
ਲੋਕਾਂ ਦੇ ਵੱਲ ਵੇਖ ਵੇਖ ਕੇ ਰੱਬ ਪਗਾਉਂਦਾ ਅੜੀਆਂ।।
ਮਾਲ ਪੂੜੇ ਨਾ ਖਾਂਦਾ ਕੋਈ ਚੀਜ਼ਾਂ ਖਾਣ ਬਾਜ਼ਾਰੂ ਸੜੀਆਂ--
ਗੱਲਾਂ ਸੱਚੀਆਂ ਨੇ ਨਹੀਂ ਬਣਾਉਟੀ ਘੜੀਆਂ - - ਗੱਲਾਂ ਖਰੀਆਂ ਨੇ - -

ਜੰਗਲ ਬੇਲੇ ਵੱਢ ਵੱਢ ਬਾਲੇ, ਮੋਰ ਨਾ ਕਿਧਰੇ ਕੂਕਣ।
ਪਹਿਲਾਂ ਵਰਗੇ ਸੌਣ ਛਰਾਟੇ ਕਿਸੇ ਪਾਸੇ ਨਾ ਛੂਕਣ।।
ਨਸਲ ਮੋਰ ਦੀ ਖਤਮ ਹੋ ਚੱਲੀ ਦੱਸੋ ਕਿੱਥੋਂ ਬੂਕਣ - -
ਮੀਂਹ ਤੂੰ ਪਾ ਰੱਬਾ ਗੁੱਡੀਆਂ ਥਾਂ ਥਾਂ ਫੂਕਣ --ਮੀਂਹ ਤੂੰ--

ਤਿਉਹਾਰ ਨਾ ਪਹਿਲਾਂ ਵਰਗੇ ਰਹਿਗੇ ਨਾ ਸੌਣ ਦੀਆਂ ਤੀਆਂ।
ਸਹੁਰਿਆਂ ਤੋਂ ਨਾ ਪੇਕੀਂ ਆ ਕੇ ਰਾਜੀ ਅੱਜ ਕੱਲ ਧੀਆਂ।।
ਬੰਗਲੇ ਜਿਹੀਆਂ ਕੋਠੀਆਂ ਛੱਡਣ ਦਾ ਪੈਂਦਾ ਨਹੀਂਓ ਹੀਆਂ,
ਕੌੜਾ ਸੱਚ ਹੁੰਦਾ ਪਰ ਪੈ ਚੱਲੀਆਂ ਇਹ ਲੀਹਾਂ--
ਕੌੜਾ ਸੱਚ ਹੁੰਦਾ - -

ਪ੍ਰਤੱਖ ਵੇਖ ਲਓ ਆਪੇ ਸਾਰੇ ਜਦ ਸੌਣ ਮਹੀਨਾ ਆਂਦਾ।
ਭਰਵਾਂ ਮੀਹ ਨਾ ਕਿਤੇ ਛਰਾਟੇ ਸੱਭ ਸੁੱਕਾ ਲੰਘ ਜਾਂਦਾ।।
ਸੋਚ ਕੇ ਦੱਸੋ ਗਲਤ ਜੇ ਲਿਖਿਆ ਦਾਸ ਹੈ ਸੱਚ ਸੁਣਾਂਦਾ--
ਗੁੱਡੀਆਂ ਫੂਕੀਆਂ ਤੋਂ ਮੀਹ ਨਹੀਂ ਰੱਬ ਪਾਂਦਾ - - ਗੁੱਡੀਆਂ ਫੂਕੀਆਂ - -

ਵਿਗਿਆਨ ਦਾ ਯੁੱਗ ਹੈ ਆਇਆ ਦੋਸਤੋ ਮੀਂਹ ਰੁੱਖਾਂ ਨਾਲ ਪੈਣੇ।
ਹਕੀਕਤ ਹੈ ਇਹ ਬਿਲਕੁਲ ਗੱਲਾਂ ਨਹੀਂ ਤਾਂ ਦੁਖੜੇ ਸਹਿਣੇ।।
ਨਹੀਂ ਵੱਢ ਕੇ ਢੇਰ ਲਗਾਇਆਂ ਸਰਨਾ ਹੋਰ ਵੀ ਲਾਉਣੇ ਪੈਣੇ - -
ਬਹਿ ਕੇ ਸੋਚਿਆ ਜੇ ਸ਼ਰਮੇ ਦੇ ਇਹ ਕਹਿਣੇ - - ਬਹਿ ਕੇ ਸੋਚਿਆ ਜੇ--

15 ਦਿਨਾਂ ਦਾ ਮੇਲਾ ਤੀਆਂ ਸੀ ਸਿਮਟ ਕੇ ਘੰਟਾ ਰਹਿ ਗਿਆ।
ਉਤਲੇ ਮਨੋਂ ਮਨਾਉਂਦੇ ਸਭ ਨੇ ਚਾਅ ਖੂਹ ਖਾਤੇ ਪੈ ਗਿਆ।।
ਪੱਛਮੀ ਸੱਭਿਆਚਾਰ ਹੈ ਆਪਣਾ ਵਿਰਸਾ ਖੋਹ ਕੇ ਲੈ ਗਿਆ--
ਗੁੱਸਾ ਨਾ ਕਰਿਓ ਦੱਦਾਹੂਰੀਆ ਕਹਿ ਗਿਆ - - ਗੁੱਸਾ ਨਾ ਕਰਿਓ---




## ਤੱਤੇ ਲਫ਼ਜ਼

ਧੱਕਾ ਹੁੰਦਾ ਰਿਹਾ ਜੇ ਇੰਝ ਜਹਾਨ ਅੰਦਰ।
ਕਲਮਾਂ ਕੁੱਦ ਪੈਣਾ ਫਿਰ ਮੈਦਾਨ ਅੰਦਰ।

ਸ਼ਾਇਰ ਮਸਤ ਨੇ ਕਿੱਸੇ, ਕਹਾਣੀਆਂ ਵਿੱਚ,
ਤੱਤੇ ਲਫ਼ਜ਼ਾਂ ਦੀ ਤਲਵਾਰ ਮਿਆਨ ਅੰਦਰ।

ਸੁੱਤਾ ਸੌਣ ਦਿਓ,ਉੱਠ ਗਿਆ ਮਾੜਾ,
ਸ਼ੈਤਾਨ ਵੱਸਦਾ ਹੈ ਹਰ ਇਨਸਾਨ ਅੰਦਰ।

ਜ਼ੁਲਮ ਤੱਕਿਆ,ਕਲ਼ਮ ਨੇ ਧਾਹ ਮਾਰੀ,
ਕੀ ਕੀ ਧੁਖ ਰਿਹਾ ਭਾਰਤ ਮਹਾਨ ਅੰਦਰ।

ਕਿੱਥੇ ਗਿਆ ਗੁਆਚ, ਹੁਣ ਲੱਭਦਾ ਨਹੀਂ,
ਰਸ ਟਪਕਦਾ ਸੀ ਜੋ ਜ਼ੁਬਾਨ ਅੰਦਰ।

ਮੈਂ ਖੁਸ਼ ਹਾਂ, ਮੇਰਾ ਨਾ ਫ਼ਿਕਰ ਕਰਿਓ,
ਕਿੰਨੀ ਪੀੜ ਸੀ ਉਸ ਦਾਸਤਾਨ ਅੰਦਰ।

ਅਰਬਾਂ ਸੁੱਤੇ ਸੀ, ਉੱਠਿਆ ਕੋਈ ਵੀ ਨਹੀਂ,
ਹਾਕ ਮਾਰੀ ਸੀ 'ਜੀਵਨ' ਕਬਰਿਸਤਾਨ ਅੰਦਰ।




## ਸੁਣ ਉਹ ਪੰਜਾਬੀਆ

ਮਾਂ ਬੋਲ਼ੀ ਹੈ ਅਨਮੋਲ,
ਮਿੱਠੇ ਮਿਸ਼ਰੀ ਜੇ ਬੋਲ,
ਹੋਰ ਭਾਸ਼ਾ ਸਿੱਖ ਐਵੇਂ ਗੁਣ ਉਹਦੇ ਗਾਈਂ ਨਾ।
ਸੁਣ ਉਹ ਪੰਜਾਬੀਆ,ਪੰਜਾਬੀ ਤੂੰ ਭੁਲਾਈਂ ਨਾ।

ਮਾਂ-ਬੋਲੀ ਜਦੋਂ ਸਾਡੇ,ਬੁੱਲਾਂ ਉੱਤੇ ਆਉਂਦੀ ਏ।
ਮਿੱਠੇ-ਮਿੱਠੇ ਬੋਲਾਂ ਨਾਲ ਰੂਹ ਨਸ਼ਿਆਉਂਦੀ ਏ।
ਮਾਂ ਬੋਲੀ ਹੁੰਦੇ ਮਾਂ ਹੋਰ ਕਿਸੇ ਨੂੰ ਬਣਾਈਂ ਨਾ।
ਸੁਣ ਉਹ ਪੰਜਾਬੀਆ......................।

ਗੁਰੂਆਂ ਫਕੀਰਾਂ ਏਹਨੂੰ ਬੜਾ ਹੀ ਪਿਆਰਿਆ।
ਵੱਡੇ-ਵੱਡੇ ਸਾਹਿਤਕਾਰਾਂ ਏਹਨੂੰ ਸਤਿਕਾਰਿਆ।
ਵਿਰਸਾ ਅਮੀਰ ਤੇਰਾ ਸ਼ਾਨ ਤੂੰ ਘਟਾਈਂ ਨਾ।
ਸੁਣ ਉਹ ਪੰਜਾਬੀਆ.....................।

ਹੋਰ ਭਾਸ਼ਾ ਸਿੱਖ ਲੈ ਤੂੰ, ਸਿਖਣੇ ਦਾ ਡਰ ਨਾ।
ਮਾਂ-ਬੋਲੀ ਭੁੱਲ ਕੇ ਤੂੰ ਮਾਣ ਹੋਰ ਉੱਤੇ ਕਰ ਨਾ।
ਮਾਂ-ਬੋਲੀ ਖ਼ੀਰ ਜਹੀ ਖਿਚੜੀ ਤੂੰ ਬਣਾਈਂ ਨਾ।
ਸੁਣ ਉਹ ਪੰਜਾਬੀਆ....................।

ਮਾਂ–ਬੋਲੀ ਦੀ ਵਧਾਉਂਦੇ ਜੋ ਵੀ ਲੋਕ ਸ਼ਾਨ ਨੇ
'ਅਮਰੀਕ ਤਲਵੰਡੀ'ਕਹੇ ਪਾਉਂਦੇ ਉਹ ਮਾਣ ਨੇ।
ਵੇਖੀਂ ਕਿਤੇ ਭੁੱਲਕੇ ਵੀ ਕਪੁੱਤਰ ਬਣ ਜਾਈਂ ਨਾ।
ਸੁਣ ਉਹ ਪੰਜਾਬੀਆ..........................।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਜਿਊਂਦੀ ਰਹਿ

ਹੁਣ ਅਵਾਜ ਨਾ ਦੇਵੀਂ ਤੂੰ ਮੈਨੂੰ ਨੀ,
ਖੁਸ਼ ਰੱਖ ਜਿਹੜਾ ਲੈਣ ਗਿਆ ਤੈਨੂੰ ਨੀ ,,

ਕਮਲਾ ਕਹਿਕੇ ਤੂੰ ਤਾਂ ਦੁੱਤਕਾਰ ਗਈ,
ਕਰ ਜ਼ਲੀਲ ਤੂੰ ਮੇਰਾ ਪਿਆਰ ਗਈ ,,

ਸੌਗਾਤ ਹਰਫ਼ਾਂ ਦੀ ਝੋਲੀ ਪਾ ਗਿਆ,
ਲਿਖਣ ਨੂੰ ਹੱਥ ਤੇਰੇ ਪਿਨ ਫੜਾ ਗਿਆ,,

ਮਾਣ ਖੁਸ਼ੀਆਂ ਤੂੰ ਸਦਾ ਖੁਸ਼ ਰਹੀ ਨੀ,
ਰੱਬ ਕੋਲੋਂ ਖੈਰ ਤੇਰੀ ਮੰਗਦਾ ਰਹੂ ਨੀ,,

ਮੂੰਹ ਨੇ ਤੈਨੂੰ ਕਦੇ ਅਵਾਜ਼ ਨੀ ਮਾਰਨੀ,
ਨੇੜੇ ਤੋਂ ਦੂਰ ਚਲੇ ਗਏ ਰੱਬ ਦੀ ਕਰਨੀ

ਬੁੱਲ ਕਰਦੇ ਰਹਿਣ ਤੇਰਾ ਜ਼ਿਕਰ ਨੀ,
ਜਿਉਂਦੀ ਰਹਿ ਤੂੰ ਕਰਨਾ ਫ਼ਿਕਰ ਨੀ,,

ਬਹੁਤ ਵਧੀਆ ਹੋਇਆ ਤੂੰ ਜੋ ਕਰਗੀ,
ਮੇਰੇ ਬੁੱਲ੍ਹਾਂ ਨੂੰ ਟਾਂਕੇ ਲਾਕੇ ਤੂੰ ਤਾਂ ਰੱਖਗੀ,,

ਜਦੋਂ ਲੱਗੀ ਅਸੀਂ ਮੁੱਠੀ 'ਚ ਰੱਖੀ ਨੀ,
ਹੁਣ ਕੀ ਦੱਸੂਗਾ ਕਿਵੇਂ ਸਾਡੀ ਟੁੱਟੀ ਨੀ,,

ਹੰਝੂਆਂ ਦੇ ਗਲ ਲਾਕੇ ਸਾਨੂੰ ਤੁਰਗੀ ਨੀ,
ਹਾਕਮ ਮੀਤ ਨੂੰ ਗਮ ਪੀਣਾ ਦੱਸਗੀ ਨੀ,,




## ਅਸੀਂ ਹਾਂ ਸੇਵਾ ਮੁਕਤ ਮੁਲਾਜ਼ਮ

ਅਸੀਂ ਸੇਵਾ ਮੁਕਤ ਸਾਥੀ , ਸ਼ਾਨਾਂ ਨਾਲ਼ ਜਿਉਨੇਂ ਆਂ ।
ਅਪਣੇ ਕੰਮ ਮੁਕਾ ਲਏ ਨੇ , ਕੰਮ ਹੋਰਾਂ ਦੇ ਆਉਨੇਂ ਆਂ ।

ਅਸੀਂ ਜੋ ਕੁੱਝ ਚਾਹੁੰਦੇ ਸੀ ਸਭ ਹਾਸਿਲ ਕਰ ਲਿਆ ਏ ।
ਅਪਣਾ ਦਿਲੋ ਦਿਮਾਗ਼ ਅਸੀਂ ਖ਼ੁਸ਼ੀਆਂ ਨਾਲ਼ ਭਰ ਲਿਆ ਏ।
ਮਰਜ਼ੀ ਦਾ ਖਾਨੇਂ ਆਂ ਮਰਜ਼ੀ ਦਾ ਹੰਢਾਉਨੇਂ ਆਂ ।

ਬੱਚੇ ਕੰਮਾਂ 'ਤੇ ਲਾ ਦਿੱਤੇ ਨਾਲ਼ੇ ਵਿਆਹ 'ਤੇ ਵਰ ਦਿੱਤੇ ।
ਜਿੱਥੇ ਖ਼ੁਦ ਨਈਂ ਪਹੁੰਚ ਸਕੇ ਪਹੁੰਚਣ ਜੋਗੇ ਕਰ ਦਿੱਤੇ ।
ਹੁਣ ਅਸੀਂ ਉਨ੍ਹਾਂ ਦੇ ਸਿਰ 'ਤੇ ਪੂਰੀ ਐਸ਼ ਉਡਾਉਨੇਂ ਆਂ ।

ਅਪਣੀ ਨੀਂਦਰ ਸੌਂਦੇ ਹਾਂ ਅਪਣੀ ਮਰਜ਼ੀ ਉਠਦੇ ਹਾਂ ।
ਬਾਜ ਉਕਾਬਾਂ ਤੋਂ ਉੱਚੇ ਬਿਨਾਂ ਖੰਭਾਂ ਤੋਂ ਉਡਦੇ ਹਾਂ ।
ਜਦੋਂ ਅਪਣਿਆਂ ਖ਼ਿਆਲਾਂ ਦਾ ਕੋਈ ਜਹਾਜ਼ ਬਣਾਉਨੇਂ ਆਂ ।

ਇੱਕ ਜਥੇਬੰਦੀ ਸਾਡੀ ਸਾਂਝੇ ਕੰਮ ਵੀ ਕਰਦੀ ਹੈ ।
ਜੇ ਕੋਈ ਮੰਗਾਂ 'ਨੀਂ ਮਨਦਾ ਗਲ਼ 'ਤੇ ਗੂਠਾ ਧਰਦੀ ਹੈ।
ਵੱਡੇ ਖੱਬੀ ਖਾਨਾਂ ਨੂੰ ਏਕੇ ਨਾਲ਼ ਝੁਕਾਉਨੇਂ ਆਂ ।

ਜ਼ਿੰਦਗੀ ਦੇ ਤਜ਼ਰਬਿਆਂ ਨੂੰ ਸਾਂਝੇ ਕਰਦੇ ਰਹਿੰਨੇਂ ਆਂ ।
ਕਦੇ ਬੱਚੇ , ਗੱਭਰੂ ਤੇ ਸਿਆਣਿਆਂ ਵਿੱਚ ਬਹਿੰਨੇਂ ਆਂ ।
ਸਭ ਨੂੰ ਜੀ ਜੀ ਕਹਿੰਨੇਂ ਆਂ ਸਭ ਤੋਂ ਜੀ ਅਖਵਾਉਨੇਂ ਆਂ ।

ਸਿੱਖਿਆ ਗੁਰਬਾਣੀ ਦੀ ਅਮਲਾਂ ਵਿੱਚ ਢਾਲ਼ ਲਈ ।
ਗੱਲ ਗੁਰੂਆਂ ਤੇ ਪੀਰਾਂ ਦੀ ਮਨਾਂ ਵਿੱਚ ਸੰਭਾਲ਼ ਲਈ ।
ਜਿਹੜੇ ਰਾਹ 'ਤੇ ਖ਼ੁਦ ਚੱਲੀਏ ਹੋਰਾਂ ਨੂੰ ਵੀ ਚਲਾਉਨੇਂ ਆਂ ।

ਸ਼ਰਮਾ ਪਿੰਡ ਰੰਚਣਾਂ ਦਾ ਚੜ੍ਹਦੀ ਕਲਾ 'ਚ ਰੱਖਦਾ ਏ ।
ਜਿਸ ਦਾ ਅਪਣਾ ਮੱਥਾ ਵੀ ਸੂਰਜ ਵਾਂਗੂੰ ਭੱਖਦਾ ਏ ।
ਜਿਹੜੇ ਗੀਤ ਉਹ ਲਿਖਦਾ ਏ ਰਲ਼ ਮਿਲ਼ ਕੇ ਗਾਉਨੇਂ ਆਂ ।




## ਗ਼ਜ਼ਲ

ਬੇਈਮਾਨਾਂ ਨੇ ਇਸ ਕਦਰ ਸਤਾਇਆ ਹੈ।
ਜੀਵਨ ਦੇ ਵਿੱਚ ਸੱਚ ਤੋਂ ਮੂੰਹ ਛੁਪਾਇਆ ਹੈ,

ਹਰ ਪਲ ਚੇਤੇ ਕਰੀਏ ਉੱਪਰ ਵਾਲੇ ਨੂੰ,
ਹਰ ਮੁਸ਼ਕਲ ਵਿੱਚ ਉਸ ਨੇ ਸਾਥ ਨਿਭਾਇਆ ਹੈ।

ਸਾਹਾਂ ਦੀ ਡੋਰੀ ਵੀ ਸਾਡੇ ਹੱਥ ਵਿੱਚ ਨਾ,
ਇਹ ਜੀਵਨ ਤਾਂ ਉਸ ਰੱਬ ਦਾ ਸਰਮਾਇਆ ਹੈ,

ਉਸ ਪਾਪੀ ਨੂੰ ਮਿਲਦੀ ਕਿਧਰੇ ਢੋਈ ਨਾ,
ਜਿਸ ਨੇ ਭੈਣ ਭਰਾਵਾਂ ਦਾ ਹੱਕ ਖਾਇਆ ਹੈ।

ਮਾਨਵਤਾ ਦੀ ਰਾਖੀ ਕੀਤੀ ਜਿਸ ਨੇ ਵੀ,
ਉਸ ਬੰਦੇ ਨੇ ਅਸਲੀ ਧਰਮ ਕਮਾਇਆ ਹੈ।

ਸੱਚ ਦੇ ਰਸਤੇ ਤੁਰਨਾ ਭਾਵੇਂ ਔਖਾ ਹੈ,
ਪਰ ਸੱਚ ਨੇ ਹੀ ਮਾਣ 'ਕਲੇਰ ਵਧਾਇਆ ਹੈ।




## ਭਾਈ ਮਨੀ ਸਿੰਘ ਜੀ

ਦਸ਼ਮ ਗੁਰੂ ਤੋਂ ਅੰਮ੍ਰਿਤ ਛੱਕ ਕੇ, ਮੁਖੋਂ ਬਾਣੀ ਅਲਾਉਂਦਾ ਏ।
ਸੱਚਾ ਸੰਤ-ਸਿਪਾਹੀ ਬਣ ਕੇ, ਸਿੱਖੀ ਮਾਰਗ ਪਾਉਂਦਾ ਏ।

ਹੱਥੀਂ ਬੀੜਾਂ ਲਿਖਦਾ ਉਹ, ਸ਼ੁੱਧ ਅਰਥਾਂ ਦਾ ਬੋਧ ਕਰਾਉਂਦਾ ਏ।
ਗੁਰਬਾਣੀ ਦੀ ਸੇਵਾ ਕਰਕੇ, ਜੀਵਨ ਸਫਲ ਬਣਾਉਂਦਾ ਏ।

ਤੱਤ ਤੇ ਬੰਦਈ ਖਾਲਸੇ ਅੰਦਰ, ਏਕਤਾ ਆਣ ਲਿਆਉਂਦਾ ਏ।
ਸਿਆਣਪ ਦੇ ਨਾਲ ਪੰਥ ਦੇ ਝਗੜੇ, ਪਲ ਵਿੱਚ ਉਹ ਮੁਕਾਉਂਦਾ ਏ।

ਅੰਗ ਵੱਖ ਕੀਤੇ ਬਾਣੀ ਦੇ ਜਦ, ਹੁਣ ਸਰਾਪ ਨੂੰ ਉਹ ਹੰਢਾਉਂਦਾ ਏ।
ਵਕਤ ਪਿਆ ਖੁਦ ਦੇ ਅੰਗ-2 ਵੀ, ਹੱਸ-2 ਕੇ ਉਹ ਕਟਵਾਉਂਦਾ ਏ।

ਹਰਿਮੰਦਰ ਦੀ ਸੇਵਾ ਖ਼ਾਤਰ, ਭੇਸ ਵੀ ਆਪ ਵਟਾਉਂਦਾ ਏ।
ਚੁਗੱਤਿਆਂ ਦੀ ਉਸ ਕਾਲੀ ਰਾਤ 'ਚ, ਰੌਸ਼ਨੀ ਬਣ ਕੇ ਆਉਂਦਾ ਏ।

ਤਸੀਹੇ ਭਾਰੇ ਮਿਲਦੇ ਨੇ ਜਦ, ਮੁਗਲਾਂ ਦੇ ਹੱਥ ਆਉਂਦਾ ਏ।
ਮੌਤ ਵੇਖ ਕੇ ਡਰਦਾ ਨਾ ਉਹ, ਸੀਨੇ ਨਾਲ ਲਗਾਉਂਦਾ ਏ।

ਸਿਦਕ ਅਡੋਲ ਹੈ ਮੂਰਤ ਉਸਦੀ, ਦੁਨੀਆ ਨੂੰ ਦਿਖਲਾਉਂਦਾ ਏ।
ਜੱਲਾਦ ਨੂੰ ਬੰਦ-ਬੰਦ ਕੱਟਣ ਲਈ, ਨਿਸ਼ਾਨ ਉਹ ਆਪ ਟਿਕਾਉਂਦਾ ਏ।

ਸੁਫ਼ਨੇ ਸਭ ਦੇ ਸੱਚ ਨਹੀਂ ਹੁੰਦੇ, ਉਹ ਸੱਚ ਕਰਕੇ ਦਿਖਾਉਂਦਾ ਏ।
ਮੌਤ ਵਿਆਹ ਕੇ ਸਿੱਖੀ ਵਾਲੀ, ਕੌਮ ਦੀ ਸ਼ਾਨ ਵਧਾਉਂਦਾ ਏ।

ਹਰ ਕੋਈ ਚੱਲਦਾ ਆਪਣੀ ਸਮਝੇ, ਉਹ ਰਸਤਾ ਸਹੀ ਦਿਖਾਉਂਦਾ ਏ।
ਅਮਲੀ ਜੀਵਨ ਜੀ ਕੇ ਆਪਣਾ, ਸਭ ਨੂੰ ਉਹ ਸਮਝਾਉਂਦਾ ਏ।

ਖ਼ੂਨ ਸ਼ਹੀਦਾਂ ਵਾਲਾ 'ਖਿੱਚੀ', ਰਗਾਂ ਦੇ ਵਿੱਚ ਦੌੜਾਉਂਦਾ ਏ।
ਮਨੀ ਸਿੰਘ ਦਾ ਜੀਵਨ ਹੀ ਸਾਨੂੰ, ਜੀਣਾ-ਮਰਨਾ ਸਿਖਾਉਂਦਾ ਏ।




## ਅਰਦਾਸ ਕਰਾਂ, ਫਰਿਆਦ ਕਰਾਂ

ਖ਼ੂਨ ਮਨੁੱਖਤਾ ਦਾ ਡੁਲਿਆ ਵੇਖਿਆ,
ਕਦੇ ਭਲਾਇਆ ਜਾਵੇ ਨਾ
ਅਰਦਾਸ ਕਰਾਂ, ਫਰਿਆਦ ਕਰਾਂ,
ਕਦੇ ਮੁੜ ਸੰਤਾਲੀ ਆਵੇ ਨਾ
ਮਾਂ-ਪਿਓ, ਭੈਣ-ਭਰਾ ਤੇ ਪੁੱਤ-ਧੀਆਂ,
ਰਿਸ਼ਤੇ ਇਕੋ ਪਰਿਵਾਰ ਦੇ ਸੀ
ਜਦ ਇਕ ਦੂਜੇ ਤੋਂ ਪਏ ਵਿਛੋੜੇ,
ਨਾ ਜਾਣ ਸਹਾਰੇ ਧਾਹਾਂ ਮਾਰਦੇ ਸੀ
ਉਮਰਾਂ ਦੀਆਂ ਪੈ ਗਈਆਂ ਜੁਦਾਈਆਂ ,
ਕਹਿਰ ਝੱਲਿਆ ਜਾਵੇ ਨਾ
ਅਰਦਾਸ ਕਰਾਂ, ਫਰਿਆਦ ਕਰਾਂ ,
ਕਦੇ ਮੁੜ ਸੰਤਾਲੀ ਆਵੇ ਨਾ
ਮਿੱਟੇ -ਮਿੱਟੀ ਵੈਰੀ ਬਣ ਗਏ ,
ਜੋ ਹਰ ਪਲ ਇਕੱਠੇ ਰਹਿੰਦੇ ਸੀ
ਇੱਕ -ਦੂਜੇ ਤੋਂ ਜਾਨ ਵਾਰਦੇ ,
ਜੋ ਪਲ ਵੀ ਨਾ ਦੁੱਖ ਸਹਿੰਦੇ ਸੀ
ਚਾਣਚੱਕ ਹੀ ਵਰਤਿਆ ਭਾਣਾ,
ਗੁਆਚਿਆ ਮਾਂ ਨੂੰ ਪੁੱਤ ਥਿਆਵੇ ਨਾ
ਅਰਦਾਸ ਕਰਾਂ, ਫਰਿਆਦ ਕਰਾਂ,
ਕਦੇ ਮੁੜ ਸੰਤਾਲੀ ਆਵੇ ਨਾ
ਹੱਸਦੀ -ਵਸਦੀ ਜਨਤਾ ਉੱਤੇ,
ਕਿਧਰੋਂ ਚੜ੍ਹ ਆਏ ਦਿਨ ਮਾੜੇ ਬਈ
ਗੋਰੇ ਜ਼ਾਲਮ ਜਾਣ ਦੇ ਵੇਲੇ ,

ਪਾ ਗਏ ਭਾਈਆਂ ਵਿੱਚ ਪੁਆੜੇ ਬਈ
ਉਂਗਲ ਲਾ ਕੇ ਪਾ ਗਏ ਵੰਡੀਆ ,
ਸਮਝ ਕਿਸੇ ਨੂੰ ਗੱਲ ਆਵੇ ਨਾ
ਅਰਦਾਸ ਕਰਾਂ, ਫਰਿਆਦ ਕਰਾਂ,
ਕਦੇ ਮੁੜ ਸੰਤਾਲੀ ਆਵੇ ਨਾ
ਦਸ ਲੱਖ ਮਾਰੇ ਵਿੱਚ ਬਟਬਾਰੇ,
ਲੋਥਾਂ ਦਾ ਜਾਲ ਵਸਾਇਆ ਸੀ
ਪੰਜ ਦਰਿਆਵਾਂ ਦੀ ਧਰਤੀ 'ਤੇ,
ਦਰਿਆ ਖ਼ੂਨ ਦਾ ਹੋਰ ਚਲਾਇਆ ਸੀ
ਪ੍ਰੀਤੀਮਾਨ' ਚੁੱਕ ਕਲਮ ਹੈ ਲਿਖਦਾ,
ਕੋਈ ਗੱਲ ਲੁਕਾਵੇ ਨਾ
ਅਰਦਾਸ ਕਰਾਂ, ਫਰਿਆਦ ਕਰਾਂ ,
ਕਦੇ ਮੁੜ ਸੰਤਾਲੀ ਆਵੇ ਨਾ।
ਕਦੇ ਮੁੜ ਸੰਤਾਲੀ ਆਵੇ ਨਾ




## ਪ੍ਰਦੂਸ਼ਣ

ਕਰੋ ਖਤਮ ਪ੍ਰਦੂਸ਼ਣ ਨੂੰ -------
ਡੀਜ਼ਲ ਵਾਲੀਆਂ ਗੱਡੀਆਂ ਬੰਦ ਕਰ ਦਿਓ
ਮਨੁੱਖੀ ਜ਼ਿੰਦਗੀ ਵਿੱਚ ਰੰਗ ਭਰ ਦਿਓ
ਅੱਜ ਤੋਂ ਛੱਡੋ ਕਿਸਾਨ ਭਰਾਵੋ, ਪਰਾਲੀ ਨੂੰ ਅੱਗ ਲਾਉਣਾ
ਕਰੋ ਖਤਮ ਪ੍ਰਦੂਸ਼ਣ ਨੂੰ,ਜੇ ਤੁਸੀਂ ਲੰਮੀਆਂ ਉਮਰਾਂ ਜਿਉਣਾ-------
ਧੂਆਂ ਭਿਆਨਕ ਜਾਨਲੇਵਾ ਬਿਮਾਰੀ
ਡਰਦੀ ਜਿਸ ਤੋਂ ਦੁਨੀਆਂ ਸਾਰੀ
ਫੈਕਟਰੀਆਂ, ਭੱਠਿਆਂ ਦੀਆਂ ਚਿਮਨੀਆਂ ਦੀ
ਉਚਾਈ ਨੂੰ ਪਉ ਵਧਾਉਣਾ
ਕਰੋ ਖਤਮ ਪ੍ਰਦੂਸ਼ਣ ਨੂੰ, ਜੇ ਤੁਸੀਂ ਲੰਮੀਆਂ ਉਮਰਾਂ ਜਿਉਣਾ --------
ਬੀੜੀ -ਸਿਗਰਟ ਸਿਹਤ ਲਈ ਮਾੜੀ
ਪੀਕੇ ਮੌਤ ਦੀ ਛੇਤੀ ਹੋਉ ਤਿਆਰੀ
ਸ਼ੇਖਰ -ਜਰਦਾ ਜੋ ਬੁੱਲਾਂ ਵਿੱਚ ਲਾਵੇ, ਉਹ ਥੋੜੇ ਦਿਨਾਂ ਦਾ ਪ੍ਰਾਹੁਣਾ
ਕਰੋ ਖਤਮ ਪ੍ਰਦੂਸ਼ਣ ਨੂੰ, ਜੇ ਤੁਸੀਂ ਲੰਮੀਆਂ ਉਮਰਾਂ ਜਿਉਣਾ ------
ਪ੍ਰਦੂਸ਼ਣ ਚੈੱਕ ਜੋ ਅਫਸਰ ਕਰਦੇ
ਰਿਸ਼ਵਤ ਲੈ ਮੁੜ ਘਰ ਆ ਵੜਦੇ
ਕਈ ਮੰਜਿਆਂ ਤੇ ਪਏ ਵਿਲਕਦੇ, ਡਾਕਟਰਾਂ ਮੋਟਾ ਟੀਕਾ ਲਾਉਣਾ
ਕਰੋ ਖਤਮ ਪ੍ਰਦੂਸ਼ਣ ਨੂੰ, ਜੇ ਤੁਸੀਂ ਲੰਮੀਆਂ ਉਮਰਾਂ ਜਿਉਣਾ --------
'ਜੱਗਿਆ'ਕਿਸੇ ਨੇ ਹੱਲ ਨਹੀਂ ਕੱਢਿਆ
ਕਿਸੇ ਦਾ ਹੱਥ ਕਿਸੇ ਦਾ ਪੈਰ ਵੱਢਿਆ
ਸ਼ਾਮ 84 ਵਾਲਿਆ ਕੈਂਸਰ ਬੁਰੀ ਬਿਮਾਰੀ
ਵਿੱਕ ਜਾਏ ਘਰ ਅਤੇ ਘਰਵਾਲੀ ਦਾ ਗਹਿਣਾ
ਕਰੋ ਖਤਮ ਪ੍ਰਦੂਸ਼ਣ ਨੂੰ,ਜੇ ਤੁਸੀਂ ਲੰਮੀਆਂ ਉਮਰਾਂ ਜਿਉਣਾ -------




## ਪੁਕਾਰ

ਉੱਠੋ ਓਏ ਮਤਵਾਲਿਓ , ਹਿੰਮਤਾਂ ਵਾਲਿਓ
ਦਿਓ ਦੇਸ਼ ਨੂੰ ਕੋਈ ਹੁੰਗਾਰਾ
ਬਣ ਜਾਓ ਕਿਸੇ ਦਾ ਸਹਾਰਾ
ਕਰ ਦਿਓ ਕੋਈ ਐਸਾ ਕਾਰਾ
ਹਰ ਪਾਸੇ ਗੂੰਜੇ ਜੈਕਾਰਾ।
ਛੱਡ ਦਿਓ ਨਸ਼ਿਆਂ ਨੂੰ
ਚਿੱਕੜ ਵਿੱਚ ਫਸਿਆਂ ਨੂੰ
ਮੁੱਦਤਾਂ ਤੋਂ ਧਸਿਆਂ ਨੂੰ
ਕੋਈ ਫੂਕ ਦਿਓ ਰੂਹ
ਅੰਦਰ ਬਦਲ ਜਾਵੇ ਜੂਹ
ਕੋਈ ਲੈ ਲਓ ਤਜਰਬਾ
ਪੈਦਾ ਕਰ ਲਓ ਕੋਈ ਜਜ਼ਬਾ
ਬਣੋ ਕੋਈ ਭਗਤ ਸਿੰਘ
ਕੋਈ ਮਿਲਖਾ ਸਿੰਘ ਬਣ ਦਿਖਾਓ
ਕਰ ਲਓ ਮਿਹਨਤਾਂ ਐਨੀਆਂ
ਤਕਦੀਰਾਂ ਅੱਗੇ ਤਣ ਦਿਖਾਓ।
ਜਜ਼ਬੇ ਦੀ ਇਸ ਵੇਲ ਨੂੰ
ਲੰਘ ਚੁੱਕੀ ਇਸ ਰੇਲ ਨੂੰ
ਸਦੀਆਂ ਤੋਂ ਚੱਲਦੇ ਖੇਲ ਨੂੰ
ਅੱਗ ਬਲਦੀ ਤੇ ਤੇਲ ਨੂੰ
ਜੰਜੀਰਾਂ ਦੀ ਇਸ ਜੇਲ ਨੂੰ
ਅੱਜ ਹੀ ਕੱਟੋ
ਤੰਗ ਦਿਲੀ ਛੱਡੋ
ਜਾਤ-ਪਾਤ, ਨਸਲੀ ਭੇਦ-ਭਾਵ
ਦਿਲਾਂ ਵਿੱਚੋਂ ਕੱਢੋ
ਏਕ ਹੋਵੋ, ਅਨੇਕ ਹੋਵੋ,ਉੱਠੋ, ਜਾਗੋ, ਸੰਭਲੋ, ਤਿਆਗੋ
ਚੇਤਨ, ਜਾਗਰੂਕ, ਤਰਕਸ਼ੀਲ, ਅਣਖੀ ਹੋਵੋ
ਮੈਂ ਹੀ ਨਹੀਂ, ਹਰੇਕ ਹੋਵੇ।
ਕੁਝ ਪੁੱਛ ਲਓ, ਕੁਝ ਦੱਸ ਲਓ
ਉੱਠੋ, ਹੁਣ ਕਮਰ ਕੱਸ ਲਓ

ਕੁਝ ਕਰ ਲਓ,ਡੁੱਬ ਲਓ ਜਾਂ ਤਰ ਲਓ
ਸੁੱਖਾਂ ਤੋਂ ਪਹਿਲਾਂ ਹਰ ਦੁੱਖ ਜਰ ਲਓ।
ਉੱਠੋ, ਹੁਣ ਹੋਰ ਨਾ ਦੇਰ ਕਰੋ
ਨਫ਼ਰਤਾਂ ਦੇ ਹਨੇਰ ਮਿਟਾ ਕੇ,
ਇਸ਼ਕ, ਮੁਹੱਬਤ, ਆਪਣੇਪਨ ਦੀ
ਸੱਜਰੀ ਇੱਕ ਸਵੇਰ ਕਰੋ
ਨਾ ਹੱਥ ਫੈਲਾਓ ਕਿਸਮਤ ਅੱਗੇ,
ਆਪਣੇ ਹੱਥੀਂ ਲਿਖੋ ਕਹਾਣੀ।
ਪਸੀਨੇ ਦੀ ਹਰ ਬੂੰਦ ਬਣੇਗੀ,
ਤੁਹਾਡੀ ਜਿੱਤ ਦੀ ਨਿਸ਼ਾਨੀ।
ਕਿਤਾਬਾਂ ਦੇ ਨਾਲ ਯਾਰੀ ਪਾ ਲਓ
ਗਿਆਨ ਦੀ ਇੱਕ ਜੋਤ ਜਗਾ ਲਓ
ਅੰਧਵਿਸ਼ਵਾਸਾਂ ਦੇ ਬੱਦਲ ਹਟਾ ਕੇ,
ਸੱਚ ਦਾ ਕੋਈ ਸੂਰਜ ਚੜ੍ਹਾ ਲਓ
ਰੁੱਖ ਵੀ ਲਾਓ, ਧਰਤੀ ਬਚਾਓ,
ਨਦੀਆਂ ਦਾ ਸਤਿਕਾਰ ਕਰੋ।
ਆਉਣ ਵਾਲੀਆਂ ਪੀੜ੍ਹੀਆਂ ਖਾਤਰ,
ਕੁਦਰਤ ਨਾਲ ਵੀ ਪਿਆਰ ਕਰੋ।
ਨਾਹ ਕਿਸੇ ਦਾ ਹੱਕ ਖੋਹਣਾ,
ਨਾਹ ਕਿਸੇ ਅੱਗੇ ਸਿਰ ਝੁਕਾਉਣਾ।
ਸੱਚ ਦੇ ਰਾਹ 'ਤੇ ਡਟੇ ਰਹਿਣਾ,
ਜਿੱਤ ਵਾਲਾ ਝੰਡਾ ਲਹਿਰਾਉਣਾ
ਹੱਥਾਂ ਵਿੱਚ ਹੱਥ ਫੜੋ ਸਾਰੇ,
ਦਿਲਾਂ ਵਿੱਚ ਪਿਆਰ ਵਸਾਓ।
ਨਵੇਂ ਪੰਜਾਬ, ਨਵੇਂ ਭਾਰਤ ਦੀ,
ਮਿਲ ਕੇ ਨੀਂਹ ਬਣਾਓ।

ਅੱਜ ਦਾ ਵੇਲਾ ਹੱਥੋਂ ਨਿਕਲਿਆ,
ਮੁੜ ਕੇ ਇਹ ਕਦੇ ਨਾ ਆਉਣਾ।
ਜਾਗਦੇ ਰਹਿਣਾ, ਵਧਦੇ ਰਹਿਣਾ,
ਮੰਜ਼ਿਲ ਨੂੰ ਹੈ ਇੱਕ ਦਿਨ ਪਾਉਣਾ
ਉੱਠੋ ਓਏ ਮਤਵਲਿਓ, ਹਿੰਮਤਾਂ ਵਾਲਿਓ,
ਵੇਲਾ ਫਿਰ ਆਵਾਜ਼ ਲਗਾਵੇ।
ਗੁਰਿੰਦਰ ਸਫ਼ਰੀ ਦੀ ਇਹ ਪੁਕਾਰ,
ਹਰ ਦਿਲ ਵਿੱਚ ਉਮੀਦ ਜਗਾਵੇ
ਉੱਠੋ ਓਏ ਮਤਵਾਲਿਓ , ਹਿੰਮਤਾਂ ਵਾਲਿਓ
ਦਿਓ ਦੇਸ਼ ਨੂੰ ਕੋਈ ਹੁੰਗਾਰਾ
ਬਣ ਜਾਓ ਕਿਸੇ ਦਾ ਸਹਾਰਾ
ਕਰ ਦਿਓ ਕੋਈ ਐਸਾ ਕਾਰਾ
ਹਰ ਪਾਸੇ ਗੂੰਜੇ ਜੈਕਾਰਾ।
ਉੱਠੋ ਓਏ ਮਤਵਾਲਿਓ ਹਿੰਮਤਾਂ ਵਾਲਿਓ
ਉੱਠੋ ਓਏ ਮਤਵਾਲਿਓ ਹਿੰਮਤਾਂ ਵਾਲਿਓ
ਉੱਠੋ ਓਏ ਮਤਵਾਲਿਓ ਉੱਠੋ ਓਏ ਮਤਵਾਲਿਓ




## ਸੁਰਖ਼ ਸਵੇਰ ਦਾ ਨਵਾਂ ਸੁਨੇਹਾ

ਹਰ ਸ਼ੈਅ ਕੁਦਰਤ ਦੀ ਹੈ ਏਥੇ,
ਨਾ ਕੁੱਝ ਤੇਰਾ, ਨਾ ਕੁੱਝ ਮੇਰਾ ।

ਤੇਰੇ ਮੱਥੇ ਦੇ ਵਿੱਚ ਚਾਨਣ ,
ਤੂੰ ਡਰ ਨਾ ਵੇਖ ਕੇ ਨ੍ਹੇਰਾ ।

ਦੁਨੀਆਂ ਕਿੱਥੋਂ ਕਿੱਥੇ ਜਾ ਪਹੁੰਚੀ ,
ਐਪਰ ਤੂੰ ਖੜ੍ਹਾ ਏਂ ਕਿੱਥੇ ;

ਰੋਜ਼ ਹੀ ਨਵਾਂ ਸਵੇਰਾ ਲੈ ਕੇ ,
ਆਉਂਦਾ ਏ ਸੁਰਖ਼ ਸਵੇਰਾ ।




## ਗ਼ਜ਼ਲ

ਮੁਸਕਰਾ ਕੇ ਕਰ ਰਹੇ ਨੇ ਇਨਕਾਰ ਹੌਲੀ ਹੌਲੀ
ਲਗਦੈ ਹੈ ਕਰ ਰਹੇ ਉਹ ਇਕਰਾਰ ਹੌਲੀ ਹੌਲੀ

ਮੇਰੇ ਇਸ਼ਕ ਨੂੰ ਸਮਝਦੇ ਸੀ ਬੇ- ਵਫਾਈ ਜਿਹੜੇ
ਉਹ ਕਰਨ ਲੱਗ ਪਏ ਹੁਣ ਇਤਬਾਰ ਹੌਲੀ ਹੌਲੀ

ਬੱਦਲ ਕਾਲੀ ਘਟਾ ਦੇ ਪਾਉਂਦੇ ਨੇ ਮੀਂਹ ਵਸਲ ਦਾ
ਬਣ ਜਾਏ ਧਰਤ ਬੰਜਰ ਗੁਲਜ਼ਾਰ ਹੌਲੀ ਹੌਲੀ

ਹੋ ਜਾਏ ਜਦ ਵੀ ਕਿਧਰੇ ਉਡੀਕ ਮੇਰੀ ਜ਼ਖ਼ਮੀ
ਆ ਜਾਣ ਬਣ ਕੇ ਸਰਘੀ ਹਰ ਵਾਰ ਹੌਲੀ ਹੌਲੀ

ਪੌਣਾਂ ਪੁਚਾ ਜੇ ਦੇਵਣ ਮਹਿਬੂਬ ਤੱਕ ਸੁਨੇਹਾ
ਹਿੱਲ ਜਾਂਦੀ ਮੇਰੇ ਦਿਲ ਦੀ ਫਿਰ ਤਾਰ ਹੌਲੀ ਹੌਲੀ

ਖੁਸ਼ਬੂ ਖੁਸ਼ੀ ਤੇ ਚਾਨਣ ਪਹਿਲਾਂ ਹੀ ਪਹੁੰਚ ਜਾਵਣ
ਪਿਆਰ ਝਲਕ ਜੇ ਵੰਡੇ ਦਿਲਦਾਰ ਹੌਲੀ ਹੌਲੀ

" ਕਾਉਂਕੇ" ਨੂੰ ਪਾਉਣ ਖਾਤਰ ਆਪਣਾ ਬਣਾਉਣ ਖਾਤਰ
ਕੀਤਾ ਹੈ ਸਾਗਰ ਅੱਗ ਦਾ ਮੈਂ ਪਾਰ ਹੌਲੀ ਹੌਲੀ ।




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212






ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com



## ਤੀਆਂ ਦਾ ਤਿਉਹਾਰ



ਮੁਟਿਆਰ ਸੋਹਣੇ ਪੰਜਾਬ ਦੀ,
ਪੀਂਘ ਅੰਬਰਾਂ ਵਿੱਚ ਸੁਹਾਵਦੀ।
ਅਧੂਰੇ ਨਾ ਰਹਿ ਜਾਣ ਕਿਤੇ,
ਦਿਲਾਂ ਵਿਚਲੇ ਚਾਅ।
ਸਿਰ ਤੇ ਲੈਣ ਸੂਹੀ ਫੁਲਕਾਰੀ,
ਲੱਗਦੀ ਮੁਟਿਆਰ ਸਭ ਤੋਂ ਪਿਆਰੀ।
ਸੱਜ ਵਿਆਹੀਆਂ ਵੀ ਆਈਆਂ,
ਬਾਂਹੀ ਸਤਰੰਗੀਆਂ ਚੂੜੀਆਂ ਚੜਾ।
ਧੀਆਂ ਨੂੰ ਤ੍ਰਿੰਝਣ ਮਿਲਣ ਸਬੱਬੀਂ,
ਤਾਂਹੀਓਂ ਤਾਂ ਮਨ ਵਿੱਚ ਬਹੁਤਾ ਚਾਅ।
ਮਨ ਦੀਆਂ ਰੀਝਾਂ ਲਓ ਪੁਗਾ,
ਹੁਣ ਤੀਆਂ ਗਈਆਂ ਆ,
ਸਭ ਧੀਆਂ ਗਈਆਂ ਆ।



ਨਾਮ-ਜੈਸਮੀਨ ਕੌਰ
ਕਲਾਸ -ਅੱਠਵੀਂ
ਸਰਕਾਰੀ ਮਿਡਲ ਸਕੂਲ ਪਵੇਂ।
ਜ਼ਿਲਾ -ਹੁਸਿਆਰਪੁਰ।

ਪ੍ਰੇਰਕ ਅਧਿਆਪਕ
ਸਰਬਜੀਤ ਕੌਰ
ਆਂਗਣਵਾੜੀ ਵਰਕਰ ਪਿੰਡ ਤੂਰਾਂ
9915508953



## ਰੁੱਖ ਲਗਾਓ

ਰੁੱਖ ਲਗਾਓ, ਦੁੱਖ ਮਿਟਾਓ।
ਰੁੱਖ ਲਗਾਓ, ਸੁੱਖ ਲਿਆਓ।
ਰੁੱਖ ਲਗਾਓ, ਪਾਣੀ ਪਾਓ।
ਰੁੱਖ ਲਗਾਓ, ਧਰਤੀ ਬਚਾਓ।
ਰੁੱਖ ਲਗਾਓ, ਸਦਾ ਸੁੱਖ ਪਾਓ।
ਰੁੱਖ ਲਗਾਓ, ਹਵਾ ਦੀ ਭੁੱਖ ਮਿਟਾਓ।
ਰੁੱਖ ਲਗਾਓ, ਪ੍ਰਦੂਸ਼ਣ ਨੂੰ ਘਟਾਓ।
ਰੁੱਖ ਲਗਾਓ, ਧਰਤੀ ਹਰੀ-ਭਰੀ ਬਣਾਓ।
ਰੁੱਖ ਲਗਾਓ, ਪੰਛੀਆਂ ਨੂੰ ਆਲ੍ਹਣਾ ਦਿਵਾਓ।
ਰੁੱਖ ਲਗਾਓ, ਪਸ਼ੂ-ਪੰਛੀਆਂ ਨੂੰ ਬਚਾਓ।
ਰੁੱਖ ਲਗਾਓ, ਪਾਣੀ ਬਚਾਓ।
ਰੁੱਖ ਲਗਾਓ, ਮਿੱਠੇ-ਮਿੱਠੇ ਫਲ ਖਾਓ
ਤੰਦਰੁਸਤ ਸਿਹਤ ਬਣਾਓ।
ਰੁੱਖ ਲਗਾਓ, ਦੁੱਖ ਮਿਟਾਓ।
ਰੁੱਖ ਲਗਾਓ, ਸੁੱਖ ਲਿਆਓ।



ਹਰਮਿੰਦਰ ਕੌਰ
ਜਮਾਤ 10
ਸ ਹ ਸ ਰਾਜਪੁਰ ਗਹੋਤ
ਜ਼ਿਲ੍ਹਾ ਹੁਸ਼ਿਆਰਪੁਰ

ਪ੍ਰੇਰਕ ਅਧਿਆਪਕਾ
ਸ੍ਰੀਮਤੀ ਗੁਰਵੀਰ ਕੌਰ
ਹਿੰਦੀ ਮਿਸਟ੍ਰੈਸ
ਸ ਹ ਸ ਰਾਜਪੁਰ ਗਹੋਤ



# ਵਾਤਵਰਣ ਦਿਵਸ ਸਪੈਸ਼ਲ ਐਡੀਸ਼ਨ



ਅਦਬੀ ਵਿਰਾਸਤ ਮੈਗਜ਼ੀਨ ਵਲੋਂ ਵਾਤਾਵਰਣ ਨੂੰ ਸ਼ੁੱਧ ਅਤੇ ਸਾਫ਼ ਰੱਖਣ ਲਈ ਚਲਾਈ ਗਈ ਮੁਹਿੰਮ ਤਹਿਤ ਪਿੰਡ ਤੂਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮੈਡਮ ਸਰਬਜੀਤ ਕੌਰ ਅਤੇ ਸਕੂਲ ਦੇ ਨੰਨ੍ਹੇ ਵਿਦਿਆਰਥੀਆਂ ਵੱਲੋਂ ਬੂਟੇ ਲਗਾਏ ਗਏ।

ਨੰਨ੍ਹੇ ਮੁੰਨੇ ਬੱਚਿਆਂ ਦੁਆਰਾ ਵਾਤਾਵਰਣ ਦਿਵਸ ਨੂੰ ਸਮਰਪਿਤ ਵਾਤਾਵਰਣ ਨੂੰ ਸ਼ੁੱਧ ਅਤੇ ਸਾਫ਼ ਰੱਖਣ ਲਈ ਅਦਾਰਾ ਅਦਬੀ ਵਿਰਾਸਤ ਮੈਗਜ਼ੀਨ ਵਲੋਂ ਚਲਾਈ ਮੁਹਿੰਮ ਤਹਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਝੰਗ ਵਿਖੇ ਫ਼ਲਦਾਰ ਅਤੇ ਫੁੱਲਦਾਰ ਬੂਟਿਆਂ ਨੂੰ ਆਪਣੇ ਅਧਿਆਪਕਾਂ ਦੇ ਸਹਿਯੋਗ ਨਾਲ ਲਗਾਇਆ ਗਿਆ।





ਇਸ ਮੌਕੇ ਵਾਤਵਰਣ ਦੀ ਸੁਰੱਖਿਆ ਨਾਲ ਸੰਬੰਧਿਤ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ।

ਪ੍ਰੇਰਕ ਅਧਿਆਪਕ
ਰਾਹੁਲ ਠਾਕੁਰ
ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਝੰਗ
ਬਲਾਕ ਹਾਜੀਪੁਰ, ਜਿਲ੍ਹਾ ਹੁਸ਼ਿਆਰਪੁਰ



ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਝੰਗ , ਬਲਾਕ ਹਾਜੀਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿਦਿਆਰਥੀ

ਪ੍ਰਬੰਧਕੀ ਸੰਪਾਦਕ
ਅਮਰਜੀਤ ਸਿੰਘ
ਦਸੂਹਾ
89689 33711

ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212

ਮੁੱਖ ਸੰਪਾਦਕ
ਭੁਪਿੰਦਰ ਸਿੰਘ
ਰਾਜਾ
98720 79212
78372 [illegible]12

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

## ਪੱਤਰਕਾਰ , ਸਮਾਜ ਸੇਵੀ, ਲੇਖਕ , ਸਾਇੰਸ ਅਧਿਆਪਕ ਅਤੇ ਅਦਬੀ ਵਿਰਾਸਤ ਮੈਗਜ਼ੀਨ ਦੇ ਇੰਚਾਰਜ ਸ. ਗੁਰਪ੍ਰੀਤ ਸਿੰਘ ਪ੍ਰੀਤ ਹੈਪੀ ਸਹੋਤਾ ਜੀ ਦੇ ਭਤੀਜੇ ਅਗਮਦੀਪ ਸਿੰਘ ਸਹੋਤਾ ਵਲੋਂ ਆਪਣੇ ਸਕੂਲ ਦੇ ਪ੍ਰਿੰਸੀਪਲ ਸ. ਗੁਪਿੰਦਰਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਜਨਮ ਦਿਨ ਮੌਕੇ ਫਜ਼ੂਲ ਖਰਚੀ ਨਾ ਕਰਦੇ ਹੋਏ ਆਪਣੇ ਘਰ ਅਤੇ ਸੈਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਗੜ੍ਹਦੀਵਾਲਾ ਵਿਖੇ ਵੱਖ ਵੱਖ ਪ੍ਰਕਾਰ ਦੇ ਪੌਦੇ ਲਗਾਏ ।













ਪ੍ਰਬੰਧਕੀ ਸੰਪਾਦਕ
ਅਮਰਜੀਤ ਸਿੰਘ ਦਸੂਹਾ
89689 33711

ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212


ਮੁੱਖ ਸੰਪਾਦਕ
ਭੁਪਿੰਦਰ ਸਿੰਘ ਰਾਜਾ
98720 79212
78372 [illegible]

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

# ਜਨਤਕ ਸੂਚਨਾ

## ਸਮੂਹ ਲੇਖਕਾਂ, ਪਾਠਕਾਂ ਅਤੇ ਸਾਹਿਤ-ਪ੍ਰੇਮੀਆਂ ਦੇ ਧਿਆਨ ਹਿੱਤ

ਅਦਾਰਾ "ਅਦਬੀ ਵਿਰਾਸਤ ਮੈਗਜ਼ੀਨ" ਅਤੇ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.), ਪੰਜਾਬ ਆਪਣੀ ਸਪੱਸ਼ਟ ਅਤੇ ਨਿਰਵਿਵਾਦ ਨੀਤੀ ਅਨੁਸਾਰ ਇਹ ਐਲਾਨ ਕਰਦੇ ਹਨ ਕਿ ਅਦਾਰੇ ਵੱਲੋਂ ਕਿਸੇ ਵੀ ਲੇਖਕ ਦੀ ਰਚਨਾ ਪ੍ਰਕਾਸ਼ਿਤ ਕਰਨ, ਸਾਹਿਤਕ ਪ੍ਰਤੀਕਰਮ ਦੇਣ ਜਾਂ ਕਿਸੇ ਵੀ ਹੋਰ ਸਾਹਿਤਕ ਸੇਵਾ ਦੇ ਬਦਲੇ ਕਿਸੇ ਵੀ ਤਰ੍ਹਾਂ ਦੀ ਫ਼ੀਸ, ਚੰਦਾ ਜਾਂ ਆਰਥਿਕ ਰਕਮ ਨਹੀਂ ਲਈ ਜਾਂਦੀ। ਸਾਡਾ ਮਕਸਦ ਵਪਾਰ ਕਰਨਾ ਨਹੀਂ ਹੈ ਅਤੇ ਨਾ ਹੀ ਆਰਥਿਕ ਲਾਭ। ਸਾਡੀ ਇੱਕੋ-ਇੱਕ ਵਚਨਬੱਧਤਾ ਪੰਜਾਬੀ ਮਾਂ-ਬੋਲੀ ਦੀ ਸੇਵਾ, ਸਾਹਿਤਕ ਕਦਰਾਂ-ਕੀਮਤਾਂ ਅਤੇ ਸਾਹਿਤਿਕ ਵਿਰਾਸਤ ਦੀ ਸੰਭਾਲ਼ ਨਵੇਂ ਅਤੇ ਉਭਰਦੇ ਸਾਹਿਤਕਾਰਾਂ ਨੂੰ ਪਉਤਸ਼ਾਹ ਦੇਣਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਉਣਾ ਹੈ।

ਇਸ ਲਈ ਸਮੂਹ ਲੇਖਕਾਂ ਅਤੇ ਪਾਠਕਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਅਦਾਰੇ, "ਅਦਬੀ ਵਿਰਾਸਤ ਮੈਗਜ਼ੀਨ" ਜਾਂ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਜਾਂ ਪ੍ਰਬੰਧਕੀ/ਸੰਪਾਦਕੀ ਮੰਡਲ ਦਾ ਨਾਮ ਵਰਤ ਕੇ ਕਿਸੇ ਵੀ ਕਿਸਮ ਦੀ ਵਸਤੂ, ਰਕਮ ਜਾਂ ਕਿਸੇ ਕਿਸਮ ਦੇ ਲਾਭ ਦੀ ਮੰਗ ਕਰਦਾ ਹੈ ਜਾਂ ਵਸੂਲਦਾ ਹੈ, ਤਾਂ ਉਹ ਪੂਰੀ ਤਰ੍ਹਾਂ ਆਪਣੀ ਨਿੱਜੀ ਜ਼ਿੰਮੇਵਾਰੀ 'ਤੇ ਅਜਿਹਾ ਕਰ ਰਿਹਾ ਹੈ। ਅਦਾਰੇ ਦਾ ਅਜਿਹੇ ਵਿਅਕਤੀ ਜਾਂ ਉਸ ਦੀ ਕਾਰਵਾਈ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਅਦਾਰਾ ਇਸ ਦਾ ਸਖ਼ਤ ਵਿਰੋਧ ਕਰਦਾ ਹੈ।

ਸਮੂਹ ਲੇਖਕਾਂ ਅਤੇ ਪਾਠਕਾਂ ਨੂੰ ਬੇਨਤੀ ਹੈ ਕਿ ਅਜਿਹੀ ਕਿਸੇ ਵੀ ਘਟਨਾ ਦੀ ਜਾਣਕਾਰੀ ਤੁਰੰਤ ਅਦਾਰੇ ਦੇ ਪ੍ਰਬੰਧਕੀ ਜਾਂ ਸੰਪਾਦਕੀ ਮੰਡਲ ਦੇ ਹੇਠਾਂ ਦਿੱਤੇ ਸੰਪਰਕ ਨੰਬਰਾਂ ਤੇ ਰਾਬਤਾ ਕਰਕੇ ਜਾਣਕਾਰੀ ਪਹੁੰਚਾਈ ਜਾਵੇ, ਤਾਂ ਜੋ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

**ਸਾਹਿਤ ਸੇਵਾ ਸਾਡਾ ਸੰਕਲਪ ਹੈ,ਵਪਾਰ ਨਹੀਂ**

**ਪੰਜਾਬੀ ਮਾਂ-ਬੋਲੀ ਦੀ ਸੇਵਾ ਹੀ ਸਾਡਾ ਧਰਮ ਹੈ**

ਵੱਲੋਂ :
ਪ੍ਰਬੰਧਕੀ ਅਤੇ ਸੰਪਾਦਕੀ ਮੰਡਲ
ਅਦਾਰਾ "ਅਦਬੀ ਵਿਰਾਸਤ"
ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ
ਸਾਹਿਤਕ ਮੰਚ (ਰਜਿ.), ਪੰਜਾਬ

| ਅਮਰਜੀਤ ਸਿੰਘ ਦਸੂਹਾ | ਭੁਪਿੰਦਰ ਸਿੰਘ ਰਾਜਾ | ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ |
|---|---|---|
| ਪ੍ਰਬੰਧਕੀ ਸੰਪਾਦਕ | ਮੁੱਖ ਸੰਪਾਦਕ | ਇੰਚਾਰਜ |
| 89689 33711 | 98720 79212 | 98558 13187 |




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212

